ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਮੰਗਲਵਾਰ, ਮਿਤੀ 4 ਸਤੰਬਰ, 2012 ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਅ.ਸ. ਬਰਾੜ . . . (ਸਭਾਪਤੀ)
   ਉਪ-ਕੁਲਪਤੀ
2. ਡਾ. ਰਜਿੰਦਰਜੀਤ ਕੌਰ,
   ਡੀਨ, ਅਕਾਦਮਿਕ ਮਾਮਲੇ
3. ਡਾ. ਡੀ.ਐਨ. ਜੌਹਰ,
   ਡੀਨ, ਲਾਅ ਫੈਕਲਟੀ
4. ਡਾ. ਸਤਿੰਦਰ ਕੌਰ,
   ਡੀਨ, ਅਪਲਾਈਡ ਸਾਇੰਸਜ਼ ਫੈਕਲਟੀ
5. ਡਾ. ਪੀ.ਕੇ. ਸਹਿਜਪਾਲ,
   ਪ੍ਰੋਫੈਸਰ ਅਤੇ ਮੁਖੀ, ਮੋਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ
6. ਡਾ. ਕੁਲਦੀਪ ਸਿੰਘ,
   ਪ੍ਰੋਫੈਸਰ ਅਤੇ ਮੁਖੀ, ਪੋਲੀਟੀਕਲ ਸਾਇੰਸ ਵਿਭਾਗ,
7. ਸ. ਵਰਿਆਮ ਸਿੰਘ,
   ਪ੍ਰਿੰਸੀਪਲ, ਬਾਬਾ ਬੁੱਢਾ ਕਾਲਜ, ਬੀੜ ਸਾਹਿਬ, ਤਰਨ-ਤਾਰਨ
8. ਡਾ. ਨੀਲਮ ਸੇਠੀ,
   ਪ੍ਰਿੰਸੀਪਲ, ਪੰ. ਮੋਹਨ ਲਾਲ ਐਸ.ਡੀ. ਕਾਲਜ ਫਾਰ ਵੂਮੈਨ, ਗੁਰਦਾਸਪੁਰ
9. ਮਿਸਿਜ਼ ਨਿਰਮਲਜੀਤ ਕੌਰ ਗਰੇਵਾਲ,
   ਪ੍ਰਿੰਸੀਪਲ, ਐਸ.ਜੀ.ਏ.ਡੀ. ਗੌਰਮਿੰਟ ਕਾਲਜ, ਤਰਨ-ਤਾਰਨ
10. ਸ. ਜਗਦੀਸ਼ ਸਿੰਘ, ਅੰਮ੍ਰਿਤਸਰ
11. ਡਾ. ਇੰਦਰਜੀਤ ਸਿੰਘ . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸਿੰਡੀਕੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ- ਡਾ. ਜੇ.ਐਸ. ਬੱਲ, ਡਾ. ਰਾਧਾ ਸ਼ਰਮਾ, ਡਾ. ਰਾਕੇਸ਼ ਮਹਾਜਨ, ਡਾ. ਰਜਿੰਦਰ ਕੁਮਾਰ, ਡਾ. ਜਸਪਾਲ ਸਿੰਘ ਰੰਧਾਵਾ, ਸ੍ਰੀ ਵਿਨੋਦ ਕੁਮਾਰ ਸ਼ਾਹੀ, ਸ੍ਰੀ ਕੇ.ਐਸ. ਬੈਂਸ, ਡਾ. ਸੁਰਜੀਤ ਪਾਤਰ, ਪ੍ਰੋ. ਮਨਜੀਤ ਸਿੰਘ, ਪ੍ਰੋ. ਵਿਰਸਾ ਸਿੰਘ ਵਲਟੋਹਾ, ਸ੍ਰੀ ਦਿਨੇਸ਼ ਸ਼ਰਮਾ ਅਤੇ ਸ. ਲਖਬੀਰ ਸਿੰਘ ਲੋਧੀਨੰਗਲ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਉਪ-ਕੁਲਪਤੀ ਸਾਹਿਬ ਨੇ ਦਸਿੱਆ ਕਿ ਸਿੰਡੀਕੇਟ ਉੱਤੇ ਡਾ. ਡੀ.ਐਨ. ਜੌਹਰ, ਡਾ. ਸਤਿੰਦਰ ਕੌਰ, ਡਾ. ਸੁਲੱਖਣ ਸਿੰਘ, ਡਾ. ਕੁਲਦੀਪ ਸਿੰਘ, ਮਿਸਿਜ਼ ਨਿਰਮਲਜੀਤ ਕੌਰ ਗਰੇਵਾਲ, ਡਾ. ਨੀਲਮ ਸੇਠੀ, ਪ੍ਰੋਫੈਸਰ ਐਸ.ਐਸ. ਗਿੱਲ, ਸ. ਰਜਿੰਦਰ ਮੋਹਨ ਸਿੰਘ ਛੀਨਾ ਅਤੇ ਸ. ਜਗਦੀਸ਼ ਸਿੰਘ ਦੀ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਇੱਕਤਰਤਾ ਵਿਚ ਸ਼ਾਮਲ ਹੋਣ ਲਈ ਆਏ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਸਹਿਯੋਗ ਦੇਂਦੇ ਰਹਿਣਗੇ।

ਸਮੂਹ ਮੈਂਬਰ ਸਾਹਿਬਾਨ ਨੇ ਉਪ-ਕੁਲਪਤੀ ਸਾਹਿਬ ਨੂੰ ਉਨ੍ਹਾਂ ਦੀ ਉਪ-ਕੁਲਪਤੀ ਵਜੋਂ ਮਿਆਦ ਵਿਚ ਮਿਲੇ ਵਾਧੇ ਲਈ ਵਧਾਈ ਦਿੱਤੀ ਅਤੇ ਆਸ ਪ੍ਰਗਟ ਕੀਤੀ ਕਿ ਉਨ੍ਹਾਂ ਦੀ ਅਗਵਾਈ ਵਿਚ ਯੂਨੀਵਰਸਿਟੀ ਹੋਰ ਉਚੀਆਂ ਸ਼ਿਖਰਾਂ ਤੇ ਪਹੁੰਚੇਗੀ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

ਸਿੰਡੀਕੇਟ ਦੀ ਇਕੱਤਰਤਾ ਮਿਤੀ 25.6.2012 ਦੀ ਕਾਰਵਾਈ ਦੀ ਪੁਸ਼ਟੀ।

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 25.6.2012 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਿੰਡੀਕੇਟ ਦੀ ਇਕੱਤਰਤਾ ਮਿਤੀ 25.6.2012 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।

2. ਮਿਤੀ 25.6.2012 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ ।

ਵਿਤ ਕਮੇਟੀ ਲਈ ਦੋ ਮੈਂਬਰਾਂ ਦੀ ਚੋਣ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।

3. ਵਿਚਾਰ ਉਪਰੰਤ

**ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 16(1) ਦੀ ਧਾਰਾ (v) ਅਤੇ 16(2) ਅਧੀਨ ਮਿਤੀ 1.7.2012 ਤੋਂ 30.6.2014 ਤੱਕ ਦੇ ਸਮੇਂ ਲਈ ਵਿਤ ਕਮੇਟੀ ਦੇ ਦੋ ਮੈਂਬਰਾਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸਬੰਧਤ ਅਧਿਆਪਕ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੀ ਪੁਸ਼ਟੀ।

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕ ਨੂੰ, ਉਸ ਅੱਗੇ ਦਰਸਾਏ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਸਾਲ 2012-13 ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਦੀ ਪਰਵਾਨਗੀ ਦਿੱਤੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | ਡਾ. ਸਵਪਨਦੀਪ ਸਿੰਘ ਚਿਮਨੀ, ਪ੍ਰੋਫੈਸਰ, ਕੈਮਿਸਟਰੀ | International Conference on "Catalysis in Organic Synthesis (ICCOS-2012)" to be held in Moscow, Russia from September 15-20, 2012. |

**ਡਾ. ਗੁਰਸ਼ਰਨਜੀਤ ਸਿੰਘ, ਐਸੋਸੀਏਟ ਪ੍ਰੋਫੈਸਰ, ਗੁਰੂ ਨਾਨਕ ਅਧਿਐਨ ਵਿਭਾਗ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪੁਸ਼ਟੀ।**

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਸ਼ਸ਼ੀ ਬਾਲਾ, ਪ੍ਰੋਫੈਸਰ ਅਤੇ ਮੁਖੀ, ਗੁਰੂ ਨਾਨਕ ਅਧਿਐਨ ਵਿਭਾਗ ਦੀ ਮਿਤੀ 21.6.2012 ਤੋਂ 1.7.2012 ਤੱਕ ਛੁੱਟੀ ਦੌਰਾਨ ਡਾ. ਗੁਰਸ਼ਰਨਜੀਤ ਸਿੰਘ, ਐਸੋਸੀਏਟ ਪ੍ਰੋਫੈਸਰ ਨੂੰ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

**ਡਾ. ਸੁਖਦੇਵ ਸਿੰਘ, ਪ੍ਰੋਫੈਸਰ, ਅੰਗ੍ਰੇਜ਼ੀ ਵਿਭਾਗ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪੁਸ਼ਟੀ।**

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਡਾ. ਸੁਖਦੇਵ ਸਿੰਘ, ਪ੍ਰੋਫੈਸਰ, ਅੰਗ੍ਰੇਜ਼ੀ ਵਿਭਾਗ ਨੂੰ ਮਿਤੀ 21.8.2012 ਤੋਂ 31.12.2012 ਤੱਕ ਅਤੇ ਮਿਤੀ 1.1.2013 ਤੋਂ ਤਿੰਨ ਸਾਲ ਲਈ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

**ਸਬੰਧਤ ਮੁਖੀ ਵਿਭਾਗਾਂ ਦੀ ਨਿਯੁਕਤੀ ਦੀ ਮਿਆਦ ਵਿਚ ਸੋਧ ਦੀ ਪੁਸ਼ਟੀ।**

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਿੰਡੀਕੇਟ ਦੀ ਇੱਕਤਰਤਾ ਮਿਤੀ 11.3.2011 ਦੇ ਪੈਰਾ 6(ਅ) ਅਤੇ ਮਿਤੀ 26.3.2012 ਦੇ ਪੈਰਾ 5(ੳ) ਰਾਹੀਂ ਨਿਯੁਕਤ ਹੇਠਾਂ ਦਰਸਾਏ ਮੁਖੀ ਵਿਭਾਗਾਂ ਦੀ ਨਿਯੁਕਤੀ ਦੀ ਮਿਆਦ ਵਿਚ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਸੋਧ ਦੀ ਪਰਵਾਨਗੀ ਦਿੱਤੀ ਹੈ:-

| ਲੜੀ ਨੰ: | ਨਾਮ ਅਤੇ ਅਹੁਦਾ | ਵਿਭਾਗ | ਮੁਖੀ ਵਿਭਾਗ ਵਜੋਂ ਨਿਯੁਕਤੀ ਦਾ ਸਮਾਂ |
|---|---|---|---|
| 1. | ਡਾ. ਪੀ.ਕੇ. ਸਹਿਜਪਾਲ, ਪ੍ਰੋਫੈਸਰ | ਮੋਲੀਕਿਊਲਰ ਬਿਆਲੋਜੀ ਅਤੇ ਬਾਇਓਕੈਮਿਸਟਰੀ ਵਿਭਾਗ | ਮਿਤੀ 30.6.2014 ਤੱਕ ਦੀ ਬਜਾਏ 26.6.2014 ਤੱਕ (60 ਸਾਲ ਦੀ ਉਮਰ ਪੂਰੀ ਹੋਣ ਤੱਕ) |
| 2. | ਡਾ. ਸੁਖਦੇਵ ਸਿੰਘ ਖਾਹਰਾ, ਪ੍ਰੋਫੈਸਰ | ਪੰਜਾਬੀ ਅਧਿਐਨ ਸਕੂਲ | ਮਿਤੀ 3.11.2014 ਤੱਕ ਦੀ ਬਜਾਏ 2.11.2014 ਤੱਕ (60 ਸਾਲ ਦੀ ਉਮਰ ਪੂਰੀ ਹੋਣ ਤੱਕ) |

**ਪ੍ਰੋਫੈਸਰ ਜੀ.ਐਸ. ਵਿਰਕ (ਰਿਟਾ.), ਓ.ਐਸ.ਡੀ., ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ ਵਿਖੇ ਪ੍ਰੋਫੈਸਰ ਜੀ.ਐਸ. ਵਿਰਕ (ਰਿਟਾ.) ਦੀ ਓ.ਐਸ.ਡੀ. ਵਜੋਂ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਤਿੰਨ ਦਿਨ ਦੀ ਬ੍ਰੇਕ ਦੇ ਕੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਮਿਤੀ 25.7.2012 ਤੋਂ ਇਕ ਸਾਲ ਲਈ ਵਾਧਾ ਕੀਤਾ ਹੈ।

ਡਾ. ਜੋਗਿੰਦਰ ਸਿੰਘ, ਪ੍ਰੋਫੈਸਰ (ਰਿਟਾ.), ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਜੋਗਿੰਦਰ ਸਿੰਘ, ਪ੍ਰੋਫੈਸਰ (ਰਿਟਾ.), ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 30.7.2012 ਤੋਂ ਦੋ ਸਾਲ ਲਈ ਵਾਧਾ ਕੀਤਾ ਹੈ।

ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਦੀ ਮੁੜ-ਨਿਯੁਕਤੀ / ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ੍ਰੀ ਹਰਪ੍ਰਭਜੋਤ ਸਿੰਘ, ਅਸਿਸਟੈਂਟ ਡਾਇਰੈਕਟਰ (ਫਿਜ਼ੀਕਲ ਐਜੂਕੇਸ਼ਨ), ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 1.8.2012 ਤੋਂ 31.1.2013 ਤੱਕ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ਤੇ ਵਾਧਾ ਕੀਤਾ ਹੈ।

(ਅ) ਸ੍ਰੀ ਮਹਿੰਦਰ ਸਿੰਘ, ਸਹਾਇਕ ਰਜਿਸਟਰਾਰ (ਲੀਗਲ ਸੈੱਲ) ਨੂੰ ਮਿਤੀ 30.6.2012 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋਣ ਉਪਰੰਤ ਡਿਊਟੀ ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਕੰਟ੍ਰੈਕਟ ਆਧਾਰ ਤੇ ਸਹਾਇਕ ਰਜਿਸਟਰਾਰ ਵਜੋਂ ਮੁੜ-ਨਿਯੁਕਤ ਕੀਤਾ ਹੈ। ਇਹ ਪਹਿਲਾਂ ਦੀ ਤਰ੍ਹਾਂ ਹੀ ਆਰ.ਟੀ.ਆਈ. ਅਤੇ ਲੀਗਲ ਸੈੱਲ ਦਾ ਕੰਮ ਵੇਖਣਗੇ ਅਤੇ ਇਹਨਾਂ ਦੀ ਤਨਖਾਹ ਅਤੇ ਸੇਵਾ-ਸ਼ਰਤਾਂ ਨਿਯਮਾਂ ਅਨੁਸਾਰ ਨਿਰਧਾਰਤ ਕੀਤੀਆਂ ਜਾਣਗੀਆਂ।

(ੲ) ਸ੍ਰੀ ਇੰਦਰਜੀਤ ਸਿੰਘ, ਨਿੱਜੀ ਸਹਾਇਕ (ਸੇਵਾ-ਮੁਕਤ), ਉਸਾਰੀ ਵਿਭਾਗ ਦੀ ਕੰਟ੍ਰੈਕਟ ਆਧਾਰ ਤੇ ਨਿਯੁਕਤੀ ਦੀ ਮਿਆਦ ਵਿਚ ਮਿਤੀ 1.8.2012 ਤੋਂ 31.1.2013 ਤੱਕ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਹੈ।

(ਸ) ਮਿਸ. ਅੰਮ੍ਰਿਤ ਭਾਟੀਆ, ਨਿਗਰਾਨ (ਸੇਵਾ-ਮੁਕਤ), ਪ੍ਰੀਖਿਆ ਸ਼ਾਖਾ-2 ਅਤੇ ਸ੍ਰੀ ਗੁਰਬਖਸ਼ ਸਿੰਘ, ਨਿਗਰਾਨ (ਸੇਵਾ-ਮੁਕਤ), ਗੁਪਤ ਸ਼ਾਖਾ ਦੀ ਕੰਟ੍ਰੈਕਟ ਆਧਾਰ ਤੇ ਨਿਯੁਕਤੀ ਦੀ ਮਿਆਦ ਵਿਚ ਮਿਤੀ 1.8.2012 ਤੋਂ 31.1.2013 ਤੱਕ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ਤੇ ਵਾਧਾ ਕੀਤਾ ਹੈ।

(ਹ) ਸ੍ਰੀ ਵਿਜੈ ਕੁਮਾਰ, ਸਟੋਰ-ਕੀਪਰ (ਸੇਵਾ-ਮੁਕਤ), ਉਸਾਰੀ ਵਿਭਾਗ ਨੂੰ ਹਾਜਰ ਹੋਣ ਦੀ ਮਿਤੀ (11.4.2012) ਤੋਂ ਛੇ ਮਹੀਨੇ ਲਈ ਕੰਟ੍ਰੈਕਟ ਆਧਾਰ ਤੇ 10000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਮੁੜ ਨਿਯੁਕਤ ਕੀਤਾ ਹੈ।

ਸਬੰਧਤ ਕਰਮਚਾਰੀਆਂ ਦੀ ਮੁੜ-ਨਿਯੁਕਤੀ/ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

11. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ੍ਰੀ ਮੀਤ ਪਾਲ ਸਿੰਘ, ਸੇਵਾ-ਮੁਕਤ ਫੀਲਡ ਸੁਪਰਵਾਈਜ਼ਰ, ਯੁਵਕ

ਭਲਾਈ ਵਿਭਾਗ ਨੂੰ ਡਿਊਟੀ ‘ਤੇ ਹਾਜ਼ਰ ਹੋਣ ਦੀ ਮਿਤੀ ਤੋਂ 6 ਮਹੀਨੇ ਲਈ ਕੰਟ੍ਰੈਕਟ ਆਧਾਰ ‘ਤੇ 9982/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਮੁੜ-ਨਿਯੁਕਤ ਕੀਤਾ ਹੈ।

(ਅ) ਸ੍ਰੀ ਅਸ਼ੋਕ ਕੁਮਾਰ, ਟੈਕਨੀਸ਼ੀਅਨ (ਸੇਵਾ-ਮੁਕਤ), ਮਾਈਕਰੋਬਿਆਲੋਜੀ ਵਿਭਾਗ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 8.8.2012 ਦੀ ਇਕ ਦਿਨ ਦੀ ਬ੍ਰੇਕ ਦਿੰਦੇ ਹੋਏ ਮਿਤੀ 9.8.2012 ਤੋਂ 8.2.2013 ਤੱਕ (ਛੇ ਮਹੀਨੇ ਲਈ) ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ਤੇ ਵਾਧਾ ਕੀਤਾ ਹੈ। ਉਸਦੀ ਨਿਯੁਕਤੀ ਡਿਊਟੀ ‘ਤੇ ਹਾਜ਼ਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

ਸਬੰਧਤ ਕੋਚਾਂ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ **ਅੰਤਿਕਾ** ਵਿਚ ਦਰਸਾਏ ਸਪੋਰਟਸ ਵਿਭਾਗ ਵਿਖੇ ਵੱਖ-ਵੱਖ ਕੋਚਾਂ ਦੀ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਕੰਟ੍ਰੈਕਟ ਆਧਾਰ ਤੇ ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਹੈ।

ਮਿਸ. ਰਾਜਵਿੰਦਰ ਕੌਰ, ਸ਼ੂਟਿੰਗ ਕੋਚ, ਸਪੋਰਟਸ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਵਿਚ ਵਾਧੇ ਦੀ ਪੁਸ਼ਟੀ।

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਿਸ. ਰਾਜਵਿੰਦਰ ਕੌਰ, ਸ਼ੂਟਿੰਗ ਕੋਚ, ਸਪੋਰਟਸ ਵਿਭਾਗ ਦੀ ਕੰਟ੍ਰੈਕਟ ਆਧਾਰ ਤੇ ਨਿਯੁਕਤੀ ਦੀ ਮਿਆਦ ਵਿਚ ਮਿਤੀ 23.7.2012 ਦੀ ਇਕ ਦਿਨ ਦੀ ਬ੍ਰੇਕ ਦੇ ਕੇ ਮਿਤੀ 24.7.2012 ਤੋਂ ਇੱਕ ਸਾਲ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ਤੇ ਵਾਧਾ ਕੀਤਾ ਹੈ।

ਆਲ ਇੰਡੀਆ ਸਰਵਿਸਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ਼ ਪ੍ਰੈਪਰੇਸ਼ਨ ਫ਼ਾਰ ਕੰਪੀਟੀਟਿਵ ਐਗਜ਼ਾਮੀਨੇਸ਼ਨਜ਼ ਵਿਖੇ ਨਿਯੁਕਤ ਅਧਿਆਪਕਾਂ ਦੇ ਸੇਵਾਫਲ ਸਬੰਧੀ।

14. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਆਲ ਇੰਡੀਆ ਸਰਵਿਸਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ਼ ਪ੍ਰੈਪਰੇਸ਼ਨ ਫ਼ਾਰ ਕੰਪੀਟੀਟਿਵ ਐਗਜ਼ਾਮੀਨੇਸ਼ਨਜ਼ ਵਿਖੇ ਪੜ੍ਹਾਏ ਜਾਣ ਵਾਲੇ ਹਰੇਕ ਕੋਰਸ ਲਈ ਪਾਰਟ-ਟਾਈਮ ਅਧਿਆਪਕਾਂ ਦਾ ਸੇਵਾਫਲ ਹੇਠ ਲਿਖੇ ਅਨੁਸਾਰ ਨਿਰਧਾਰਤ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

**UGC Qualified**
Rs. 500/- per lecture subject to maximum of Rs. 16000/- p.m.

**Without UGC Qualified**
Rs. 450/- per lecture subject to maximum of Rs. 14000/- p.m.

Capacity Enhancement Programme ਦੇ ਅਧਿਆਦੇਸ਼ਾਂ ਦੀ ਪੁਸ਼ਟੀ।

15. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮ ਅਧੀਨ ਵਰਤਮਾਨ ਅਧਿਆਦੇਸ਼ਾਂ ਨੂੰ Capacity Enhancement Programme ਦੇ nomenclature ਅਧੀਨ ਅਧਿਆਦੇਸ਼ਾਂ ਵਿਚ ਤਬਦੀਲ ਕਰਨ ਸਬੰਧੀ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 31.5.2012 ਅਤੇ 18.7.2012 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਲਾਗੂ ਕਰਨ ਦੀ ਪਰਵਾਨਗੀ ਦਿੱਤੀ ਹੈ।

ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ ਦਾ ਨਾਂ ਤਬਦੀਲ ਕਰਨ ਦੀ ਪਰਵਾਨਗੀ।

16. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ, ਗੁਰਦਾਸਪੁਰ ਦਾ ਨਾਂ ਯੂ.ਜੀ.ਸੀ. ਐਕਟ 2(F) ਅਤੇ 12(B) ਅਧੀਨ ਤਬਦੀਲ ਕਰਕੇ ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਜੀ.ਐਨ.ਡੀ. ਯੂਨੀਵਰਸਿਟੀ ਕਾਲਜ, ਨਿਆੜੀ, ਡਾਕਘਰ ਭੱਟਵਾਂ ਤਹਿਸੀਲ ਧਾਰਕਲਾਂ, ਜਿਲਾ ਪਠਾਨਕੋਟ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਤਾਂ ਜੋ ਭਵਿੱਖ ਵਿਚ ਯੂ.ਜੀ.ਸੀ. ਵੱਲੋਂ ਗ੍ਰਾਂਟ ਲੈਣ ਵਿਚ ਕੋਈ ਅੜਚਣ ਨਾ ਆਵੇ।

ਸੋਸ਼ਿਆਲੋਜੀ ਵਿਭਾਗ ਦੇ ਨਕਾਰਾ ਅਤੇ ਨਾ-ਮੁਰੰਮਤ ਯੋਗ ਕੰਪਿਊਟਰ ਵੱਟੇ ਖਾਤੇ ਪਾਉਣ ਦੀ ਪਰਵਾਨਗੀ।

17. ਵਿਚਾਰ ਉਪਰੰਤ

ਪਾਸ ਹੋਇਆ ਕਿ ਸੋਸ਼ਿਆਲੋਜੀ ਵਿਭਾਗ ਵਿਖੇ ਵੱਖ-ਵੱਖ ਸਮੇਂ ਖ੍ਰੀਦੇ 2,57,353/- ਰੁਪਏ ਕੀਮਤ ਦੇ ਕੰਪਿਊਟਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 2.4.2012 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਕੰਪਿਊਟਰ ਸੈਂਟਰ ਦੀਆਂ ਨਕਾਰਾ ਅਤੇ ਨਾ-ਮੁਰੰਮਤ ਯੋਗ ਕੁਰਸੀਆਂ ਵੱਟੇ ਖਾਤੇ ਪਾਉਣ ਦੀ ਪਰਵਾਨਗੀ।

18. ਵਿਚਾਰ ਉਪਰੰਤ

**ਪਾਸ ਹੋਇਆ** ਕਿ ਕੰਪਿਊਟਰ ਸੈਂਟਰ ਵਿਖੇ ਵੱਖ-ਵੱਖ ਸਮੇਂ ਖ੍ਰੀਦੀਆਂ 33956.28/- ਰੁਪਏ ਕੀਮਤ ਦੀਆਂ ਕੁਰਸੀਆਂ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕੀਆਂ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 8.6.2012 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਅਕਾਦਮਿਕ ਸਟਾਫ ਕਾਲਜ ਦਾ ਨਕਾਰਾ ਅਤੇ ਨਾ-ਵਰਤੋਂ ਯੋਗ ਵਾਟਰ ਕੂਲਰ ਵੱਟੇ ਖਾਤੇ ਪਾਉਣ ਦੀ ਪਰਵਾਨਗੀ।

19. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਕਾਦਮਿਕ ਸਟਾਫ ਕਾਲਜ ਵਿਖੇ 19176.50/- ਰੁਪਏ ਕੀਮਤ ਦਾ ਵਾਟਰ ਕੂਲਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131

ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 23.7.2012 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਗੈਸਟ ਹਾਊਸ ਦਾ ਨਕਾਰਾ ਅਤੇ ਨਾ-ਵਰਤੋਂ ਯੋਗ ਸਮਾਨ ਵੱਟੇ ਖਾਤੇ ਪਾਉਣ ਦੀ ਪਰਵਾਨਗੀ।

20. ਵਿਚਾਰ ਉਪਰੰਤ

**ਪਾਸ ਹੋਇਆ** ਕਿ ਗੈਸਟ ਹਾਊਸ ਵਿਖੇ ਵੱਖ-ਵੱਖ ਸਮੇਂ ਖ਼੍ਰੀਦਿਆ 154983/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 24.5.2012 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਵਹੀਕਲਜ਼ ਵਿੰਗ ਵਿਖੇ ਨਕਾਰਾ ਅਤੇ ਨਾ-ਮੁਰੰਮਤ ਯੋਗ ਕਾਰਾਂ ਵੱਟੇ ਖਾਤੇ ਪਾਉਣ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

21. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਹੀਕਲਜ਼ ਵਿੰਗ ਵਿਖੇ ਸਾਲ 1997 ਦੌਰਾਨ 6,78,034/- ਰੁਪਏ ਖ਼੍ਰੀਦ ਕੀਮਤ ਦੀਆਂ ਦੋ ਕਾਰਾਂ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕੀਆਂ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 23.8.2012 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਐਮ.ਬੀ.ਈ. ਦੇ ਵਿਦਿਆਰਥੀ- Pritam De ਨੂੰ ਜੁਰਮਾਨਾ ਫੀਸ ਸਹਿਤ ਪ੍ਰੋਜੈਕਟ ਰਿਪੋਰਟ ਜਮਾਂ ਕਰਾਉਣ ਦੀ ਪਰਵਾਨਗੀ।

22. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2009-11 ਦੌਰਾਨ New Delhi Institute of Management, New Delhi ਵਿਖੇ MBE ਚੌਥਾ ਸਮੈਸਟਰ ਦੇ ਵਿਦਿਆਰਥੀ- Pritam De, ਰੋਲ ਨੰ: 893004, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 31.3.2011 ਤੱਕ ਆਪਣੀ ਪ੍ਰੋਜੈਕਟ ਰਿਪੋਰਟ ਜਮ੍ਹਾਂ ਨਹੀਂ ਕਰਵਾ ਸਕਿਆ, ਦੇ ਅਕਾਦਮਿਕ ਭੱਵਿਖ ਨੂੰ ਮੁੱਖ ਰੱਖਦਿਆਂ, ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨਾ ਫੀਸ ਸਹਿਤ (ਕੁੱਲ 19200/- ਰੁਪਏ) ਸਿੰਡੀਕੇਟ ਦੀ ਇੱਕਤਰਤਾ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ ਪ੍ਰੋਜੈਕਟ ਰਿਪੋਰਟ ਜਮਾਂ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਯੁਵਕ ਭਲਾਈ ਸਲਾਹਕਾਰ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

23. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੁਵਕ ਭਲਾਈ ਸਲਾਹਕਾਰ ਕਮੇਟੀ ਦੀ ਇੱਕਤਰਤਾ ਮਿਤੀ 26.7.2012 ਦੀ ਮੱਦ ਨੰ: 4,5 ਅਤੇ 11 ਅਧੀਨ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

ਐਮ.ਏ. (ਅੰਗਰੇਜੀ) ਭਾਗ ਦੂਜਾ ਦੇ ਵਿਦਿਆਰਥੀ-ਅਮਨਪ੍ਰੀਤ ਸਿੰਘ ਨੂੰ ਸਤੰਬਰ-2012 ਵਿਚ ਉਕਤ ਕਲਾਸ ਦੇ ਸਾਰੇ ਪੇਪਰ ਦੇਣ ਦੀ ਪੁਸ਼ਟੀ।

24. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਖੇ ਐਮ.ਏ. (ਅੰਗਰੇਜੀ) ਭਾਗ ਦੂਜਾ ਦੇ ਵਿਦਿਆਰਥੀ-ਅਮਨਪ੍ਰੀਤ ਸਿੰਘ, ਇੰਟਰਨੈਸ਼ਨਲ ਸ਼ੂਟਰ, ਜੋ I.S.S.F. World Cup Pistol Shooting-2012 Competition ਵਿਚ ਰੁੱਝੇ ਹੋਣ ਕਰਕੇ ਉਪਰੋਕਤ ਕਲਾਸ ਦੇ ਪੇਪਰ ਨਹੀਂ ਦੇ ਸਕਿਆ, ਵੱਲੋਂ ਖੇਡਾਂ ਵਿਚ ਪਾਏ ਯੋਗਦਾਨ ਨੂੰ ਮੁੱਖ ਰੱਖਦਿਆਂ ਉਪਰੋਕਤ ਕਲਾਸ ਦੇ ਸਾਰੇ ਪੇਪਰ ਸਤੰਬਰ-2012 ਵਿਚ ਦੇਣ ਦੀ ਪਰਵਾਨਗੀ ਦਿੱਤੀ ਹੈ।

ਮਾਸਟਰ ਇਨ ਮਲਟੀਮੀਡੀਆ ਅਤੇ ਮਾਸਟਰ ਇਨ ਇੰਟੀਰੀਅਰ ਡਿਜਾਈਨ ਦੀ ਯੋਗਤਾ ਸ਼ਰਤ ਜਾਰੀ ਰੱਖਣ ਦੀ ਪਰਵਾਨਗੀ।

25. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 30.3.2012 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡੀਨ, ਫੈਕਲਟੀ ਦੇ ਸੁਝਾਅ ਅਨੁਸਾਰ ਮਾਸਟਰ ਇਨ ਮਲਟੀਮੀਡੀਆ ਅਤੇ ਮਾਸਟਰ ਇਨ ਇੰਟੀਰੀਅਰ ਡਿਜਾਈਨ ਦੀ ਸੈਸ਼ਨ 2011-12 ਵਾਲੀ ਯੋਗਤਾ ਸ਼ਰਤ ਸੈਸ਼ਨ 2012-13 ਲਈ ਅਤੇ ਅੱਗੋਂ ਤੋਂ ਵੀ ਜਾਰੀ ਰੱਖਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

ਦੋ ਸਾਲਾ ਪੀ.ਜੀ. ਡਿਪਲੋਮਾ ਕੋਰਸ ਇਨ ਟ੍ਰਾਂਸਲੇਸ਼ਨ ਦੇ ਅਧਿਆਦੇਸ਼ delete ਕਰਨ ਦੀ ਪਰਵਾਨਗੀ।

26. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 30.3.2012 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਮੁਖੀ ਵਿਭਾਗ ਅਤੇ ਡੀਨ, ਫੈਕਲਟੀ ਦੇ ਸੁਝਾਅ ਅਨੁਸਾਰ ਦੋ ਸਾਲਾ ਪੀ.ਜੀ. ਡਿਪਲੋਮਾ ਕੋਰਸ ਇਨ ਟ੍ਰਾਂਸਲੇਸ਼ਨ ਦੇ ਪੁਰਾਣੇ ਅਧਿਆਦੇਸ਼ delete ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ, ਕਿਉਂਜੋ ਇਸ ਦੀ ਥਾਂ ਇਕ ਸਾਲਾ ਪੀ.ਜੀ. ਡਿਪਲੋਮਾ ਚੱਲ ਰਿਹਾ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

M.D. (Sports Medicine) ਦੇ ਅਧਿਆਦੇਸ਼ਾਂ ਵਿਚ ਕੀਤੀ ਗਈ ਸੋਧ ਸੈਸ਼ਨ 2011-12 ਤੋਂ ਲਾਗੂ ਕਰਨ ਦੀ ਪਰਵਾਨਗੀ।

27. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ M.D. (Sports Medicine) ਦੇ ਅਧਿਆਦੇਸ਼ਾਂ ਵਿਚ **ਅੰਤਿਕਾ** ਅਨੁਸਾਰ ਕੀਤੀ ਸੋਧ (Ex-Post Facto) ਸੈਸ਼ਨ 2011-12 ਤੋਂ ਲਾਗੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ

ਐਮ.ਆਰਕ. (ਅਰਬਨ ਡਿਜਾਇਨ) ਦੇ ਅਧਿਆਦੇਸ਼ ਅਤੇ ਯੋਗਤਾ ਸ਼ਰਤ ਦੀ ਪਰਵਾਨਗੀ।

28. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਮੁਖੀ ਵਿਭਾਗ ਅਤੇ ਡੀਨ, ਫੈਕਲਟੀ ਦੀ ਸਿਫਾਰਸ਼ ਅਨੁਸਾਰ ਐਮ.ਟੈਕ. ਕੋਰਸ ਲਈ ਪਹਿਲਾਂ ਪ੍ਰਵਾਨਿਤ ਅਧਿਆਦੇਸ਼ ਸੈਸ਼ਨ 2011-12 ਤੋਂ ਐਮ.ਆਰਕ. (ਅਰਬਨ ਡਿਜ਼ਾਈਨ) ਤੇ ਵੀ ਲਾਗੂ ਕਰਨ ਅਤੇ ਐਮ.ਆਰਕ. (ਅਰਬਨ ਡਿਜ਼ਾਈਨ) ਲਈ ਹੇਠ ਲਿਖੀ ਯੋਗਤਾ ਸ਼ਰਤ ਵੀ ਪ੍ਰਵਾਨ ਕੀਤੀ ਜਾਂਦੀ ਹੈ।

ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

a) Bachelor of Architecture with atleast 50% marks in aggregate.
b) Any other examination recognized equivalent thereto.

M.Sc. (Food Tech.) ਦੇ ਵਿਦਿਆਰਥੀ- ਵਿਰਾਟ ਅਭਿਸ਼ੇਕ ਨੂੰ ਵਰਤਮਾਨ ਸਮੈਸਟਰ ਵਿਚ ਦਾਖਲਾ ਅਤੇ ਟ੍ਰੇਨਿੰਗ ਸਰਟੀਫਿਕੇਟ ਜਮਾਂ ਕਰਵਾਉਣ ਦੀ ਪੁਸ਼ਟੀ।

29. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2010-12 ਦੇ M.Sc. (Food Tech.) ਦੇ ਵਿਦਿਆਰਥੀ- ਵਿਰਾਟ ਅਭਿਸ਼ੇਕ, ਜੋ ਨਿਸ਼ਚਿਤ ਮਿਤੀ ਭਾਵ 1 ਜੂਨ ਤੋਂ 31 ਜੁਲਾਈ ਤੱਕ ਦੀ ਆਪਣੀ ਟ੍ਰੇਨਿੰਗ ਦਾ ਸਰਟੀਫਿਕੇਟ ਪੇਸ਼ ਨਹੀਂ ਕਰ ਸਕਿਆ, ਨੂੰ ਸਿੰਡੀਕੇਟ ਦੀ ਵਿਸ਼ੇਸ਼ ਪਰਵਾਨਗੀ ਨਾਲ, ਯੂਨੀਵਰਸਿਟੀ ਨਿਯਮਾਂ ਅਨੁਸਾਰ ਉਕਤ ਡਿਗਰੀ ਮੁਕੰਮਲ ਕਰਨ ਲਈ ਵਰਤਮਾਨ ਸਮੈਸਟਰ ਦੀ ਫੀਸ ਲੈ ਕੇ ਦਾਖਲਾ ਦੇਣ ਅਤੇ ਆਪਣਾ ਟ੍ਰੇਨਿੰਗ ਸਰਟੀਫਿਕੇਟ ਜਮ੍ਹਾਂ ਕਰਵਾਉਣ ਦੀ ਪਰਵਾਨਗੀ ਦਿੱਤੀ ਹੈ।

ਅਰਚਨਾ ਸ਼ਰਮਾ, ਲੈਕਚਰਾਰ, ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ ਵਿਭਾਗ ਨੂੰ Ph.D. Eligibility Test ਅਤੇ Pre Ph.D. course work ਦੀ ਛੋਟ ਦੇਣ ਦੀ ਪਰਵਾਨਗੀ।

30. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਰਚਨਾ ਸ਼ਰਮਾ, ਲੈਕਚਰਾਰ, ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ ਵਿਭਾਗ, ਜਿਸਨੂੰ ਸਾਲ 2009 ਵਿਚ Ph.D. eligibility test ਪਾਸ ਕਰਨ ਕਰਕੇ ਪੀਐਚ.ਡੀ. ਵਿਚ ਦਾਖਲਾ ਦਿੱਤਾ ਗਿਆ ਸੀ, ਪਰ ਉਸ ਵੱਲੋਂ ਸਮੇਂ ਸਿਰ ਸਿਨਾਪਸਿਜ਼ ਜਮ੍ਹਾਂ ਨਾ ਕਰਾਉਣ ਦੇ ਇਵਜ਼ ਵਿਚ ਉਸ ਦੀ ਪੀਐਚ.ਡੀ. ਐਲਰੋਲਮੈਂਟ ਕੈਂਸਲ ਹੋਈ ਸੀ, ਨੂੰ ਨਵੇਂ ਸਿਰੇ ਤੋਂ ਦੁਬਾਰਾ ਪੀਐਚ.ਡੀ. ਦੀ ਰਜਿਸਟ੍ਰੇਸ਼ਨ ਕਰਾਉਣ ਲਈ Ph.D. eligibility test ਅਤੇ Pre Ph.D. course work ਦੀ ਛੋਟ ਦਿੱਤੀ ਜਾਂਦੀ ਹੈ ਅਤੇ CGPA ਪਹਿਲਾਂ ਵਾਲਾ ਰਹੇਗਾ।

ਯੂਨੀਵਰਸਿਟੀ ਕੈਲੰਡਰ ਵਿਚ ਸੋਧਾਂ ਦੀ ਪੁਸ਼ਟੀ।

31. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ ਵਿਚ ਹੇਠ ਲਿਖੇ ਕੋਰਸਾਂ ਲਈ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਯੋਗਤਾ ਸ਼ਰਤ ਦੀ ਪਰਵਾਨਗੀ ਦਿੱਤੀ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

| Sr. No. | Course | Duration | Eligibility |
|---|---|---|---|
| 1. | M.A. (Hons.) Hindi (Semester System) | 4 Semesters | a) Bachelor of Arts (Honours) in Hindi.<br>b) Bachelor's degree in any subject with at least 50% marks in aggregate.<br>c) Bachelor of Arts with at least 45% marks in the subject of Hindi/ Sanskrit/ Functional Hindi.<br>d) Three years Shastri examination.<br>e) Any other examination recognized equivalent thereto. |

| | | | |
|---|---|---|---|
| 2. | Post Graduate Diploma in Translation (PGDT) (Semester System) | 2 Semesters | a) M.A. Hindi or<br>b) Post Gradutaion in any other subject with working knowledge of Hindi & English with at least 50% marks.<br>c) Any other examination recognized equivalent thereto. |
| 3. | M.A. (Hons.) Sanskrit (Semester System) | 4 Semesters | a) Bachelor of Arts (Honours) in Sanskrit.<br>b) Bachelor degree in any subject with at least 50% marks in aggregate.<br>c) Bachelor of Arts with Sanskrit as an elective subject with at least 45% marks.<br>d) Shastri (New Scheme) Examination.<br>e) Any other examination recognized equivalent thereto. |
| 4. | M.A. (Hons) Punjabi (Semester System) | 4 Semesters | a) Bacheor of Arts (Honours) in Punjabi.<br>or<br>b) Bachelor degree in any subject with at least 50% marks in aggregate.<br>or<br>c) Bachelor's degree with at least 45% marks in the subject of Punjabi (Elective). |
| 5. | M.Sc. (Food Technology) (Semster System) | 4 Semesters | a) Bachelor of Science/ Applied Science in any subject, B.Tech. in Food Technology/ Bio-technology/ Sugar Technology/ Sugar and Alcohal Technology with at least 50% marks in aggregate.<br>b) Any other examination recognized equivalent thereto. |

**ਸਬੰਧਤ ਵਿਦਿਆਰਥੀਆਂ ਦੀ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ।**

32. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ –

(ੳ) ਇਲੈਕਟ੍ਰੋਨਿਕਸ ਟੈਕਨਾਲੋਜੀ ਵਿਭਾਗ ਵਿਖੇ ਹੇਠਾਂ ਲਿਖੇ ਵਿਦਿਆਰਥੀਆਂ ਨੂੰ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਤੀਸਰੇ ਸਮੈਸਟਰ ਵਿਚ 5000/-ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ:-

| ਵਿਦਿਆਰਥੀ ਦਾ ਨਾਮ | ਜਿਸ ਕਲਾਸ ਵਿਚ ਵਿਦਿਆਰਥੀ ਨੂੰ ਪ੍ਰਮੋਟ ਕੀਤਾ ਗਿਆ ਹੈ |
|---|---|
| Gurjant Singh | B.Tech. (ECSE) 3rd Semester |
| Tribhuvan Kumar Ram | B.Tech. (ECE) 3rd Semester |
| Dharmendra Kumar | B.Tech. (ECE) 3rd Semester |
| Manish Kumar | B.Tech. (ECE) 3rd Semester, GNDU RC Sultanpur Lodhi |

| | |
|---|---|
| Purushotam Kumar | B.Tech. (ECE) 3rd Semester, GNDU RC Sultanpur Lodhi |

(ਅ) ਵੱਖ-ਵੱਖ ਵਿਭਾਗਾਂ ਵਿਖੇ ਹੇਠਾਂ ਲਿਖੇ ਵਿਦਿਆਰਥੀਆਂ ਨੂੰ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਸਮੈਸਟਰ ਪਹਿਲਾ ਵਿਚ ਖਾਲੀ ਸੀਟਾਂ ਵਿਰੁੱਧ 5000/-ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ:-

| ਕ੍ਰਮ ਨੰ: | ਵਿਦਿਆਰਥੀ ਦਾ ਨਾਮ | ਕਲਾਸ |
|---|---|---|
| 1. | ਮਨੀਸ਼ਾ | ਬੀ.ਐਸ.ਸੀ. (ਆਨਰਜ਼ ਸਕੂਲ) ਕੈਮਿਸਟਰੀ |
| 2. | ਗਗਨਪ੍ਰੀਤ ਕੌਰ | - ਉਹੀ - |
| 3. | ਦਿਵਿਆ ਸਚਦੇਵਾ | - ਉਹੀ - |
| 4. | ਚਾਂਦਨੀ ਸ਼ਰਮਾ | ਐਮ.ਐਸ.ਸੀ. (ਆਨਰਜ਼) ਜ਼ੂਆਲੋਜੀ |
| 5. | ਮਿਸਕ ਉਲ ਅਧਨ ਮਨਯੂਰ | - ਉਹੀ - |
| 6. | ਜਨਪ੍ਰੀਤ ਕੌਰ ਮਲਹੋਤਰਾ | ਬੀ.ਟੈਕ. (ਕੰਪਿਊਟਰ ਇੰਜੀਨੀਅਰਿੰਗ) (Self financed Course-2012) |
| 7. | ਪਰਾਚੀ | - ਉਹੀ - |
| 8. | ਮਨਮੋਹਿਤ ਸਿੰਘ | - ਉਹੀ - |
| 9. | ਗੁਰਸਿਮਰਨ ਸਿੰਘ | ਬੀ.ਟੈਕ. (ਇਲੈਕਟ੍ਰਨਿਕਸ ਕਮਿਊਨਿਕੇਸ਼ਨ ਸਿਸਟਮ ਇੰਜੀਨੀਅਰਿੰਗ) (self financed course-2012) |
| 10. | ਕਰਮਨਪ੍ਰੀਤ ਸਿੰਘ | - ਉਹੀ - |

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

33. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਸਿਧਾਰਥ ਕੁਮਾਰ | ਜਗਰਾਤਾ: ਸਮਾਜ-ਸਭਿਆਚਾਰਕ ਅਧਿਐਨ | ਪੰਜਾਬੀ-ਲੈਂਗੂਏਜ਼ਿਜ਼ ਫੈਕਲਟੀ। |
| 2. | ਪ੍ਰਭਜੀਤ ਕੌਰ | ਸੁਰਜੀਤ ਪਾਤਰ ਕਾਵਿ: ਸਾਹਿਤ ਅਤੇ ਇਤਿਹਾਸ ਦੇ ਸਰੋਕਾਰ | - ਉਹੀ - |
| 3. | ਕਵਲਜੀਤ ਕੌਰ | ਬਦੇਸ਼ੀ ਪੰਜਾਬੀ ਵਾਰਤਕ: ਇਤਿਹਾਸ ਤੇ ਵਿਸ਼ਲੇਸ਼ਣ (ਆਰੰਭ ਤੋਂ 2000 ਈ: ਤੱਕ) | - ਉਹੀ - |
| 4. | ਸੀਮਾ ਸੈਣੀ | Investment Climate and Efficiency: An Analysis of Industrial Sector in Punjab and Haryana. | ਇਕਨਾਮਿਕਸ-ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 5. | ਨਰੇਸ਼ ਕੁਮਾਰ ਸਿੰਗਲਾ | Fresh Fruit and Vegetable Retail Chains and their Impact on Farmers in Punjab. | - ਉਹੀ - |

| | | | |
|---|---|---|---|
| 6. | ਰਵੀ ਸੂਤਾ | Effect of Value-Oriented Curriculum on the Social and Moral Values of Secondary School Students of Punjab. | ਐਜੂਕੇਸ਼ਨ- ਐਜੂਕੇਸ਼ਨ ਫੈਕਲਟੀ। |
| 7. | ਸੰਦੀਪ ਕੌਰ | Development of Chemosensors for Colorimetric Detection of Ionic Analytes. | ਕੈਮਿਸਟਰੀ- ਸਾਇੰਸਜ਼ ਫੈਕਲਟੀ। |
| 8. | ਰੋਹਿਤ ਸ਼ਰਮਾ | Higher Order Contributions to Transport Properties of Thermal Plasma. | ਫਿਜ਼ਿਕਸ- ਸਾਇੰਸਜ਼ ਫੈਕਲਟੀ। |
| 9. | Mohd. Sidique | Syed Ahmed Asghar Qalam Zaidi: Shakhsiyat Aur Fun. | ਉਰਦੂ- ਲੈਂਗੂਏਜ਼ਿਜ਼ ਫੈਕਲਟੀ। |
| 10. | ਸੁਰੇਖਾ | Narrative Structure of J.D. Salinger's Fiction. | ਅੰਗਰੇਜੀ- ਲੈਂਗੂਏਜ਼ਿਜ਼ ਫੈਕਲਟੀ। |
| 11. | ਸੀਰਤ ਪ੍ਰੀਤ ਕੌਰ | Isolation, Characterization, Modification and Interaction of Pectin from Citrus Wastes and Starch from Kidney Bean. | ਫੂਡ ਸਾਇੰਸਜ਼ ਐਂਡ ਟੈਕਨਾਲੋਜੀ- ਅਪਲਾਈਡ ਸਾਇੰਸਜ਼ ਫੈਕਲਟੀ। |
| 12. | ਕਰਮਜੀਤ ਸਿੰਘ | Understanding Sikh Architecture Through the Sikh Shrines in East Punjab. | ਆਰਕੀਟੈਕਚਰ- ਫਿਜ਼ੀਕਲ ਪਲਾਨਿੰਗ ਐਂਡ ਆਰਕੀਟੈਕਚਰ ਫੈਕਲਟੀ। |

**ਸੈਸ਼ਨ 2013-14 ਤੋਂ ਸਾਰੇ ਕੋਰਸਾਂ ਵਿਚ Internal Assessment ਖਤਮ ਕਰਨ ਦੀ ਪੁਸ਼ਟੀ।**

34. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2013-14 ਤੋਂ ਸਾਰੇ ਕੋਰਸਾਂ ਵਿਚ Internal Assessment ਖਤਮ ਕਰਨ ਅਤੇ Internal Assessment ਦੇ 50% ਅੰਕ Theory ਅਤੇ 50% Practical ਵਿਚ Adjust ਕਰਨ ਦੀ ਪਰਵਾਨਗੀ ਦਿੱਤੀ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

ਇਹ **ਨੋਟ** ਕੀਤਾ ਕਿ ਇਸ ਤੋਂ ਪਹਿਲਾਂ ਪਿਛਲੇ ਸੈਸ਼ਨ ਵਿਚ ਚੱਲ ਰਹੇ ਸਾਰੇ ਕੋਰਸਾਂ ਵਿਚ ਜਿੱਥੇ ਵੀ Internal Assessment ਦੀ ਵਿਵਸਥਾ ਹੈ, ਉਸੇ ਤਰ੍ਹਾਂ ਹੀ ਰਹੇਗੀ ਅਤੇ ਸਮੇਂ ਸਮੇਂ ਤੇ phase-out ਹੁੰਦੀ ਰਹੇਗੀ।

**ਬੈਚੂਲਰ ਕੋਰਸਾਂ ਦੇ ਭਾਗ ਪਹਿਲਾ ਵਿਚ ਦਾਖਲਾ ਸਬੰਧੀ ਯੋਗਤਾਵਾਂ ਵਿਚ ਸੋਧ ਦੀ ਪਰਵਾਨਗੀ।**

35. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ ਦੇ ਪੰਨਾ 167 ਉੱਤੇ ਬੈਚੂਲਰ ਆਫ ਆਰਟਸ/ ਸਾਇੰਸ ਕੋਰਸ ਦੇ ਚੈਪਟਰ ਵਿਚ ਬੈਚੂਲਰ ਕੋਰਸਾਂ ਦੇ ਭਾਗ ਪਹਿਲਾ ਵਿਚ ਦਾਖਲਾ ਸਬੰਧੀ ਯੋਗਤਾਵਾਂ ਵਿਚ ਸੈਸਨ 2012-13 ਤੋਂ ਹੇਠ ਅਨੁਸਾਰ ਸੋਧ ਪਰਵਾਨ ਕੀਤੀ ਜਾਂਦੀ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

| **Present Ordinances** | **Proposed Ordinances** |
|---|---|
| Eligibility<br>Part-I<br>6. xxx xxx xxx<br>Note:- The candidates having compartment in +2 examination | Eligibility<br>Part-I<br>6. xxx xxx xxx<br>Note:- The candidates having compartment in +2 examination |

| | |
|---|---|
| will be allowed to appear in the first year of bachelor level courses being offered in colleges/ associate institutions/ private candidates subject to the condition that it will be mandatory for them to produce evidence of having passed +2 compartment examination within 10 days of declaration of the result of the examination in the paper in which candidate got the compartment so that they could be issued their roll numbers after verification of their eligibility. | will be allowed to appear proviosnally in the first semester of bachelor level course (except B.Tech.) being offered in colleges/ associate institutions/ constituent colleges/ private candidates subject to the condition that it will be mandatory for them to pass +2 compartment examination paper in which candidate got the compartment till 31 january(of the first year), so that they could be issued roll numbers after verification of their eligibility. Otherwise their admission shall stand cancelled. |

**ਸੈਸ਼ਨ 2013-14 ਤੋਂ ਪੋਸਟ ਗ੍ਰੈਜੂਏਟ ਡਿਪਲੋਮਾ, ਡਿਪਲੋਮਾ, ਅਡਵਾਂਸ ਡਿਪਲੋਮਾ ਅਤੇ ਸਰਟੀਫਿਕੇਟ ਕੋਰਸਾਂ ਨੂੰ ਸਲਾਨਾ ਪ੍ਰਣਾਲੀ ਤੋਂ ਸਮੈਸਟਰ ਪ੍ਰਣਾਲੀ ਵਿਚ ਤਬਦੀਲ ਕਰਨ ਦੀ ਪੁਸ਼ਟੀ।**

36. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2013-14 ਤੋਂ ਫੈਕਲਟੀ ਆਫ ਫਿਜ਼ੀਕਲ ਐਜੂਕੇਸ਼ਨ ਅਤੇ ਫੈਕਲਟੀ ਆਫ ਸਪੋਰਟਸ ਮੈਡੀਸਨ ਐਂਡ ਫਿਜ਼ੀਓਥਰਾਪੀ ਦੇ ਕੋਰਸਾਂ ਤੋਂ ਸਿਵਾਏ ਪੋਸਟ ਗ੍ਰੈਜੂਏਟ ਡਿਪਲੋਮਾ, ਡਿਪਲੋਮਾ, ਅਡਵਾਂਸ ਡਿਪਲੋਮਾ ਅਤੇ ਸਰਟੀਫਿਕੇਟ ਕੋਰਸਾਂ ਨੂੰ ਸਲਾਨਾ ਪ੍ਰਣਾਲੀ ਤੋਂ ਸਮੈਸਟਰ ਪ੍ਰਣਾਲੀ ਵਿਚ ਤਬਦੀਲ ਕਰਨ ਦੀ ਪਰਵਾਨਗੀ ਦਿੱਤੀ ਹੈ।

**ਉਪ-ਕੁਲਪਤੀ ਸਾਹਿਬ ਦਾ ਬਿਆਨ।**

37. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦਸਿਆ ਕਿ:-

1. ਉਪ-ਕੁਲਪਤੀ ਜੀ ਨੇ ਮਿਤੀ 17.8.2012 ਨੂੰ Emerging Life Sciences ਵਿਭਾਗ ਵਿਖੇ ਦੋ ਕਰੋੜ ਰੁਪਏ ਦੀ ਲਾਗਤ ਨਾਲ ਖ੍ਰੀਦੀ ਗਈ Field Emission Scanning Electron Microscope ਦਾ ਉਦਘਾਟਨ ਕੀਤਾ।

2. ਮਿਤੀ 31.8.2012 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵਲੋਂ "**ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅਤੇ ਸੰਦੇਸ਼**" ਵਿਸ਼ੇ ਤੇ ਸਿੰਪੋਜ਼ੀਅਮ ਦਾ ਆਯੋਜਨ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਸਿੰਪੋਜ਼ੀਅਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ, ਸੰਕਲਨ ਦੇ ਇਤਿਹਾਸ ਅਤੇ ਸੰਦੇਸ਼ ਵਿਸ਼ੇ ਉਪਰ ਚਾਨਣਾ ਪਾਇਆ ਗਿਆ।

3. ਜੂਨ 2012 ਤੋਂ ਅਗਸਤ 2012 ਦੌਰਾਨ ਬੈਚ 2012 ਦੇ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ, ਇਲੈਕਟ੍ਰੋਨਿਕਸ ਟੈਕਨਾਲੋਜੀ ਅਤੇ ਫੂਡ ਸਾਇੰਸ ਐਂਡ ਟੈਕਨਾਲੋਜੀ ਵਿਭਾਗਾਂ ਦੇ ਕੁਲ 16 ਵਿਦਿਆਰਥੀਆਂ ਨੂੰ ਵੱਖ-ਵੱਖ ਕੰਪਨੀਆਂ ਦੁਆਰਾ ਨੌਕਰੀ ਦੀ ਪੇਸ਼ਕਸ਼ ਕੀਤੀ ਗਈ। ਇਸ ਤਰ੍ਹਾਂ 2012 ਬੈਚ ਦੇ ਹੁਣ ਤੱਕ

624 ਵਿਦਿਆਰਥੀ ਵੱਖ-ਵੱਖ ਕੰਪਨੀਆਂ ਵਲੋਂ ਰੋਜ਼ਗਾਰ ਲਈ ਚੁਣੇ ਗਏ ਹਨ।

4. ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੀਟਿਵ ਐਗਜ਼ਾਮੀਨੇਸ਼ਨਜ਼ ਦੇ ਤਿੰਨ ਵਿਦਿਆਰਥੀਆਂ ਨੇ ਸੈਂਟਰਲ ਸਿਵਲ ਸਰਵਿਸਿਜ਼ ਦੀ ਮੁਢਲੀ ਪ੍ਰੀਖਿਆ ਵਿਚ ਸਫਲਤਾ ਹਾਸਲ ਕੀਤੀ ਹੈ। ਇਸ ਤੋਂ ਇਲਾਵਾ ਇਸ ਵਿਭਾਗ ਦੀ ਇਕ ਵਿਦਿਆਰਥਣ ਪੰਜਾਬ ਐਂਡ ਸਿੰਧ ਬੈਂਕ ਵਿਖੇ ਪ੍ਰੋਬੇਸ਼ਨਰੀ ਅਫਸਰ ਵਜੋਂ ਨਿਯੁਕਤ ਹੋਈ ਹੈ।

5. ਕਾਮਰਸ ਅਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਨੂੰ ਯੂ.ਜੀ.ਸੀ. ਵੱਲੋਂ Development Assisstance for Upgradation of Existing and New Management Departments ਸਕੀਮ ਅਧੀਨ 31 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ।

6. ਯੂਨੀਵਰਸਿਟੀ ਵਿਖੇ ਬੋਟਾਨੀਕਲ ਅਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵੱਲੋਂ ਮਿਤੀ 27.8.2012 ਤੋਂ 2.9.2012 ਤੱਕ ਅਨੈਲਿਸਿਸ ਆਫ ਬਾਇਓਲੋਜੀਕਲ ਡਾਟਾ (Analysis of Biological Data) ਵਿਸ਼ੇ ਤੇ ਵਰਕਸ਼ਾਪ ਕਰਵਾਈ ਗਈ।

7. ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੇ ਮੁਖੀ ਡਾ. ਪ੍ਰੀਤ ਮੋਹਿੰਦਰ ਸਿੰਘ ਬੇਦੀ ਨੂੰ ਉਨ੍ਹਾਂ ਦੇ ਸਿੱਖਿਆ ਦੇ ਖੇਤਰ ਵਿਚ ਵੱਡਮੁੱਲੇ ਯੋਗਦਾਨ ਸਦਕਾ ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਐਜੂਕੇਸ਼ਨ ਐਂਡ ਮੈਨੇਜਮੈਂਟ ਵੱਲੋਂ ਮਿਤੀ 25.8.2012 ਨੂੰ ਬੈਸਟ ਐਜੂਕੇਸ਼ਨਿਸਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

8. ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ ਵਿਭਾਗ ਦੀ ਡਾ. ਸ਼ਵੇਤਾ ਸ਼ਿਨੋਏ ਨੂੰ ਭਾਰਤ ਸਰਕਾਰ ਦੇ ਸਾਇੰਸ ਅਤੇ ਅਤੇ ਟੈਕਨਾਲੋਜੀ ਵਿਭਾਗ ਵੱਲੋਂ ਲਗਭੱਗ 29 ਲੱਖ ਰੁਪਏ ਦਾ ਮਹੱਤਵਪੂਰਣ ਪ੍ਰੋਜੈਕਟ ਮਿਲਿਆ ਹੈ, ਜਿਸ ਅਧੀਨ ਪੰਜਾਬ ਦੀਆਂ ਔਰਤਾਂ ਦੇ ਪੁਸ਼ਟ ਭੋਜਨ ਅਤੇ ਹੱਡੀਆਂ ਦੀ ਤਾਕਤ ਤੇ ਅਧਿਐਨ ਕੀਤਾ ਜਾਵੇਗਾ। ਇਹ ਪ੍ਰੋਜੈਕਟ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬ ਸਟੇਟ ਕੌਂਸਿਲ ਫਾਰ ਸਾਇੰਸ ਐਂਡ ਟੈਕਨਾਲੋਜੀ, ਚੰਡੀਗੜ੍ਹ ਨੂੰ ਸਾਂਝੇ ਤੌਰ ਤੇ ਮਿਲਿਆ ਹੈ।
9. ਮਿਤੀ 26-27.6.2012 ਨੂੰ ਯੂਨੀਵਰਸਿਟੀ ਦੇ ਲਾਈਫ ਲੌਂਗ ਲਰਨਿੰਗ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਤਿਆਰ ਕੀਤੇ ਕੱਪੜਿਆਂ ਤੇ ਹੋਰ ਵਸਤਾਂ ਦੀ ਦੋ ਰੋਜ਼ਾ ਪ੍ਰਦਰਸ਼ਨੀ ਆਯੋਜਿਤ ਕੀਤੀ ਗਈ।

**ਸਿੰਡੀਕੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ** ‘ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।

ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।

38. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 28.8.2012 ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।**

39. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 28.8.2012 ਦੀਆਂ ਸਿਫ਼ਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

**ਵੱਖ-ਵੱਖ ਕੋਰਸਾਂ ਦੇ ਤੀਜੇ ਸਮੈਸਟਰ ਦੀਆਂ ਵੱਖ-ਵੱਖ ਕੈਟੇਗਰੀ ਦੀ ਸੀਟ ਨੂੰ ਜਨਰਲ ਕੈਟੇਗਰੀ ਵਿਚ ਤਬਦੀਲ ਕਰਨ ਅਤੇ ਸਬੰਧਤ ਵਿਦਿਆਰਥੀਆਂ ਦੀ ਮਾਈਗ੍ਰੇਸ਼ਨ ਦੀ ਪੁਸ਼ਟੀ।**

40. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਵੱਖ-ਵੱਖ ਕੈਟੇਗਰੀਆਂ ਦੀਆਂ ਖਾਲੀ ਸੀਟਾਂ ਤੇ ਕੋਈ ਅਰਜੀ ਪ੍ਰਾਪਤ ਨਾ ਹੋਣ ਕਾਰਣ ਜਨਰਲ ਕੈਟੇਗਰੀ ਵਿਚ ਤਬਦੀਲ ਕਰਨ ਅਤੇ ਜਨਰਲ ਕੈਟੇਗਰੀ ਅਧੀਨ ਹੇਠ ਲਿਖੇ ਵਿਦਿਆਰਥੀਆਂ ਨੂੰ ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਤੀਜੇ ਸਮੈਸਟਰ ਵਿਚ 50000/- ਰੁਪਏ ਨਿਰਧਾਰਤ ਫੀਸ ਨਾਲ ਯੂਨੀਵਰਸਿਟੀ ਦੇ ਇਕ ਕੈਂਪਸ ਤੋਂ ਦੂਜੇ ਕੈਂਪਸ ਵਿਖੇ ਮਾਈਗ੍ਰੇਸ਼ਨ ਪਰਵਾਨ ਕੀਤੀ ਹੈ:-

| ਕ੍ਰਮ ਨੰ: | ਨਾਮ ਅਤੇ ਕਲਾਸ | ਕੈਟੇਗਰੀ | ਜਿਥੇ ਪੜ੍ਹ ਰਿਹਾ ਹੈ | ਜਿਥੇ ਮਾਈਗ੍ਰੇਸ਼ਨ ਕਰਵਾਉਣੀ ਹੈ |
|---|---|---|---|---|
| 1. | ਬੋਨਿਕਾ ਸ਼ਰਮਾ, ਐਮ.ਸੀ.ਏ. (ਪੰਜ ਸਾਲਾ) | ਡੀਫੈਂਸ ਕੈਟੇਗਰੀ | ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ | ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ |
| 2. | ਅੰਕੁਰ ਕੋਚਰ, ਬੀ.ਟੈਕ. (ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ) | ਐਸ.ਸੀ. | ਰਿਜਨਲ ਕੈਂਪਸ, ਸਠਿਆਲਾ | ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ |
| 3. | ਨੀਤੀਕਾ ਖੰਨਾ, ਬੀ.ਟੈਕ. (ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ) | ਐਸ.ਸੀ. | ਰਿਜਨਲ ਕੈਂਪਸ, ਸੁਲਤਾਨਪੁਰ ਲੋਧੀ | - ਉਹੀ - |
| 4. | ਇੰਦਰਪ੍ਰੀਤ ਕੌਰ, ਬੀ.ਟੈਕ. (ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ) | ਐਸ.ਸੀ. | ਰਿਜਨਲ ਕੈਂਪਸ, ਸਠਿਆਲਾ | - ਉਹੀ - |
| 5. | ਅੰਮ੍ਰਿਤਪਾਲ ਸਿੰਘ, ਬੀ.ਟੈਕ. (ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ) | ਐਸ.ਸੀ. | - ਉਹੀ - | - ਉਹੀ - |
| 6. | ਅਕਸ਼ੈ ਜੁਲਕਾ, ਬੀ.ਟੈਕ. (ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ) | ਐਸ.ਸੀ. | ਰਿਜਨਲ ਕੈਂਪਸ, ਸੁਲਤਾਨਪੁਰ ਲੋਧੀ | - ਉਹੀ - |

| | | | | |
|---|---|---|---|---|
| 7. | ਪ੍ਰਭਨੀਤ ਸਿੰਘ, ਬੀ.ਟੈਕ. (ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ) | ਐਸ.ਸੀ. | ਰਿਜਨਲ ਕੈਂਪਸ, ਸਠਿਆਲਾ | ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ |
| 8. | ਮੀਨਾਕਸ਼ੀ ਠਾਕੁਰ, ਬੀ.ਟੈਕ. (ਈ.ਸੀ.ਈ.) | ਐਸ.ਸੀ. | - ਉਹੀ - | - ਉਹੀ - |
| 9. | ਨੈਂਸੀ, ਐਮ.ਬੀ.ਏ. (ਦੋ ਸਾਲਾ) | ਐਸ.ਸੀ. | ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ | ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ |
| 10. | ਪ੍ਰਿਆ ਸੋਢੀ, ਐਮ.ਸੀ.ਏ. (ਤਿੰਨ ਸਾਲਾ) | ਸਪੋਰਟਸ | ਰਿਜਨਲ ਕੈਂਪਸ, ਜਲੰਧਰ | - ਉਹੀ - |

**ਸਬੰਧਤ ਵਿਦਿਆਰਥੀਆਂ ਦੀ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ।**

41. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ –

(ੳ) ਹਿਊਮਨ ਜੈਨੇਟਿਕਸ ਵਿਭਾਗ ਦੀ ਵਿਦਿਆਰਥਣ- ਜਸਪ੍ਰੀਤ ਕੌਰ ਨੂੰ ਐਮ.ਐਸ.ਸੀ. (ਆਨਰਜ਼) ਹਿਊਮਨ ਜੈਨੇਟਿਕਸ, ਤੀਸਰੇ ਸਮੈਸਟਰ ਵਿਚ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ।

(ਅ) ਹਿਊਮਨ ਜੈਨੇਟਿਕਸ ਵਿਭਾਗ ਵਿਖੇ ਐਮ.ਐਸ.ਸੀ. (ਆਨਰਜ਼) ਹਿਊਮਨ ਜੈਨੇਟਿਕਸ, ਸਮੈਸਟਰ ਪਹਿਲਾ ਵਿਚ ਖਾਲੀ ਸੀਟਾਂ ਵਿਰੁੱਧ ਹੇਠ ਲਿਖੇ ਦੋ ਵਿਦਿਆਰਥੀਆਂ ਨੂੰ 5000/-ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ:-

1. Nebela Khan
2. Mamta Kashiv

(ੲ) ਜਸਵਿੰਦਰ ਸਿੰਘ ਨੂੰ ਸਰੀਰਿਕ ਸਿੱਖਿਆ ਵਿਭਾਗ (ਟੀਚਿੰਗ) ਵਿਖੇ ਬੀ.ਪੀ.ਐਡ. ਕਲਾਸ, ਵਿਚ ਖਾਲੀ ਸੀਟ ਵਿਰੁੱਧ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ।

(ਸ) ਸਾਫਟ ਬਾਲ ਦੀ ਖਿਡਾਰਨ ਪਰਮਜੀਤ ਕੌਰ ਨੂੰ ਸਰੀਰੀਕ ਸਿੱਖਿਆ ਵਿਭਾਗ (ਟੀਚਿੰਗ) ਵਿਖੇ ਐਮ.ਪੀ.ਐਡ. ਭਾਗ ਪਹਿਲਾ ਵਿਚ Outstanding Sports ਕੈਟੇਗਰੀ ਅਧੀਨ ਖਾਲੀ ਸੀਟ ਵਿਰੁੱਧ ਬਿਨ੍ਹਾਂ ਲੇਟ ਫੀਸ ਦਾਖਲੇ ਦੀ ਅਗਿਆ ਦਿੱਤੀ ਹੈ।

(ਹ) ਸਾਹਬ ਰਾਮ ਨੂੰ ਗੁਰੂ ਰਾਮ ਦਾਸ ਸਕੂਲ ਆਫ ਪਲਾਨਿੰਗ ਵਿਖੇ ਐਮ.ਟੈਕ. (ਅਰਬਨ ਪਲਾਨਿੰਗ), ਸਮੈਸਟਰ ਪਹਿਲਾ ਵਿਚ ਖਾਲੀ ਸੀਟ ਵਿਰੁੱਧ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ।

ਸਰਕਾਰੀ ਡਿਗਰੀ ਕਾਲਜ, ਪੱਟੀ ਅਤੇ ਸਰਕਾਰੀ ਕਾਲਜ ਆਫ਼ ਫ਼ਿਜ਼ੀਕਲ ਐਜੂਕੇਸ਼ਨ, ਪੱਟੀ ਦਾ ਨਾਂ ਤਬਦੀਲ ਕੀਤਾ ਗਿਆ।

42. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਰਕਾਰੀ ਡਿਗਰੀ ਕਾਲਜ, ਪੱਟੀ ਅਤੇ ਸਰਕਾਰੀ ਕਾਲਜ ਆਫ਼ ਫ਼ਿਜ਼ੀਕਲ ਐਜੂਕੇਸ਼ਨ, ਪੱਟੀ (ਤਰਨ ਤਾਰਨ) ਦਾ ਨਾਂ ਬਦਲ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਪੱਟੀ ਕੀਤਾ ਜਾਂਦਾ ਹੈ।

ਡਾ. ਸੁਖਦੇਵ ਸਿੰਘ, ਪ੍ਰੋਫੈਸਰ, ਮੋਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ ਦੀ ਕਮਿਊਟਿਡ ਮੈਡੀਕਲ ਛੁੱਟੀ ਰੱਦ ਕਰਨ ਦੀ ਪਰਵਾਨਗੀ।

43. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਸੁਖਦੇਵ ਸਿੰਘ, ਪ੍ਰੋਫੈਸਰ, ਮੋਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ, ਜਿਸਨੂੰ "Use of Lectin-capped particles to target Cancer Cells" ਪ੍ਰੋਜੈਕਟ ਵਾਸਤੇ ਕਨੇਡਾ ਜਾਣ ਲਈ ਮਿਤੀ 1.3.2011 ਤੋਂ 29.2.2012 ਤੱਕ ਸਬੈਟੀਕਲ ਛੁੱਟੀ ਪਰਦਾਨ ਕੀਤੀ ਗਈ ਸੀ, ਪ੍ਰੰਤੂ ਦਿਲ ਦਾ ਦੌਰਾ ਪੈਣ ਕਰਕੇ ਸਰਜਰੀ ਕਰਾਉਣ ਕਾਰਣ ਸਿੰਡੀਕੇਟ ਦੀ ਇੱਕਤਰਤਾ ਮਿਤੀ 22.12.2011 ਦੇ ਪੈਰਾ 52 ਰਾਹੀਂ ਮਿਤੀ 1.3.2012 ਤੋਂ 24.10.2012 ਤੱਕ ਕਮਿਊਟਿਡ ਮੈਡੀਕਲ ਛੁੱਟੀ ਪਰਦਾਨ ਕੀਤੀ ਗਈ ਸੀ, ਦੀ ਬੇਨਤੀ ਮਿਤੀ 22.8.2012 (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਉਸ ਦੀ ਮਿਤੀ 26.9.2012 ਤੋਂ 24.10.2012 ਤੱਕ ਕਮਿਊਟਿਡ ਮੈਡੀਕਲ ਛੁੱਟੀ ਰੱਦ ਕੀਤੀ ਜਾਂਦੀ ਹੈ।

ਡਾ. ਓਮ ਪ੍ਰਕਾਸ਼, ਪ੍ਰੋਫੈਸਰ, ਗਣਿਤ ਵਿਭਾਗ ਦੀ ਸਬੈਟੀਕਲ ਛੁੱਟੀ ਦੀ ਮਿਤੀ ਵਿਚ ਸੋਧ ਦੀ ਪਰਵਾਨਗੀ।

44. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਓਮ ਪ੍ਰਕਾਸ਼, ਪ੍ਰੋਫੈਸਰ, ਗਣਿਤ ਵਿਭਾਗ, ਜਿਸਨੂੰ ਸਿੰਡੀਕੇਟ ਦੀ ਇੱਕਤਰਤਾ ਮਿਤੀ 25.6.2012 ਦੇ ਪੈਰਾ ਨੰ: 88 ਰਾਹੀਂ ਮਿਤੀ 1.7.2012 ਤੋਂ 30.6.2013 ਤੱਕ ਸਬੈਟੀਕਲ ਛੁੱਟੀ ਪਰਵਾਨ ਕੀਤੀ ਗਈ ਸੀ, ਦੀ ਸਬੈਟੀਕਲ ਛੁੱਟੀ ਦੀ ਮਿਤੀ ਵਿਚ 1.7.2012 ਤੋਂ 30.6.2013 ਤੱਕ ਦੀ ਬਜਾਏ ਮਿਤੀ 4.7.2012 ਤੋਂ 30.6.2013 ਤੱਕ ਸੋਧ ਪਰਵਾਨ ਕੀਤੀ ਜਾਂਦੀ ਹੈ।

ਡਾ. ਅਤੁਲ ਖੰਨਾ, ਐਸੋਸੀਏਟ ਪ੍ਰੋਫੈਸਰ, ਫਿਜ਼ਿਕਸ ਵਿਭਾਗ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੀ ਪਰਵਾਨਗੀ।

45. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਅਤੁਲ ਖੰਨਾ, ਐਸੋਸੀਏਟ ਪ੍ਰੋਫੈਸਰ, ਫਿਜ਼ਿਕਸ ਵਿਭਾਗ ਨੂੰ Yichang Three Gorges, Hubei, P.R. China ਵਿਖੇ ਮਿਤੀ 16 ਤੋਂ 20 ਸਤੰਬਰ, 2012 ਤੱਕ ਹੋਣ ਵਾਲੀ XIII International Conference on "Physics of Non-Crystalline Solids" ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਸਾਲ 2012-13 ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਸ੍ਰੀ ਮਦਨ ਲਾਲ ਨੂੰ ਪ੍ਰੀ-ਪੀਐਚ.ਡੀ. ਕੋਰਸ ਵਰਕ ਦੀ ਛੋਟ ਦੇਣ ਦੀ ਪਰਵਾਨਗੀ।

46. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਾਲ 2004 ਵਿਚ ਡਾ. ਜਗਰੂਪ ਸਿੰਘ ਸੇਖੋਂ, ਪ੍ਰੋਫੈਸਰ ਰਾਜਨੀਤੀ ਸ਼ਾਸਤਰ ਵਿਭਾਗ ਅਧੀਨ ਪੀਐਚ.ਡੀ. ਲਈ ਪਾਰਟ ਟਾਈਮ ਵਜੋਂ ਰਜਿਸਟਰਡ ਖੋਜ ਵਿਦਿਆਰਥੀ- ਸ੍ਰੀ ਮਦਨ ਲਾਲ, ਜੋ ਨਿਰਧਾਰਤ ਸਮੇਂ (ਮਿਤੀ

8.9.2009) ਤੱਕ ਅਤੇ ਦੋ ਸਾਲ ਦਾ ਵਾਧਾ ਲੈਣ ਉਪਰੰਤ ਵੀ ਆਪਣਾ ਖੋਜ ਨਿਬੰਧ ਜਮ੍ਹਾਂ ਨਹੀਂ ਕਰਵਾ ਸਕਿਆ, ਨੂੰ ਪੀਐਚ.ਡੀ. ਲਈ ਸਾਲ 2012-13 ਵਿਚ ਰਜਿਸਟਰ ਕਰਕੇ ਪ੍ਰੀ-ਪੀਐਚ.ਡੀ. ਕੋਰਸ ਵਰਕ ਤੋਂ ਛੋਟ ਦਿੱਤੀ ਜਾਂਦੀ ਹੈ।

ਇਹ ਵੀ **ਪਾਸ ਹੋਇਆ** ਕਿ ਅਜਿਹੇ ਕੇਸਾਂ ਵਿਚ ਪ੍ਰੀ-ਪੀਐਚ.ਡੀ. ਦੀ ਪਹਿਲਾਂ ਵਾਲੀ CGPA ਹੀ ਗਿਣੀ ਜਾਵੇਗੀ।

ਡਾ. ਰਜਨੀ ਵਰਮਾ ਵਿਰੁੱਧ ਪੜਤਾਲੀਆਂ ਅਫਸਰ ਦੀ ਰਿਪੋਰਟ ਦੀ ਪਰਵਾਨਗੀ ।

47. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਰਜਨੀ ਵਰਮਾ, ਰੀਡਰ, ਲਾਅ ਵਿਭਾਗ, ਰਿਜਨਲ ਕੈਂਪਸ ਜਲੰਧਰ ਵਿਰੁੱਧ ਦੁਰਵਿਵਹਾਰ (misbehave) ਕਰਨ ਬਾਰੇ ਡਾ. ਰਜਿੰਦਰ ਕੁਮਾਰ ਮਰਵਾਹਾ, ਮੁਖੀ, ਲਾਅ ਵਿਭਾਗ, ਜਲੰਧਰ ਵੱਲੋਂ ਕੀਤੀ ਸ਼ਿਕਾਇਤ ਸਬੰਧੀ ਪੜਾਤਲੀਆ ਅਫਸਰ ਸ. ਗੁਰਨਾਮ ਸਿੰਘ, ਐਡੀਸ਼ਨਲ ਜਿਲ੍ਹਾਂ ਅਤੇ ਸੈਸ਼ਨ ਜੱਜ(ਰਿਟਾ.) ਦੀ ਪੜਤਾਲੀਆ ਰਿਪੋਰਟ ਮਿਤੀ 9.9.2011 (**ਅੰਤਿਕਾ** ਅਨੁਸਾਰ) ਪਰਵਾਨ ਕੀਤੀ ਜਾਂਦੀ ਹੈ।

ਇਹ ਵੀ **ਪਾਸ ਹੋਇਆ** ਕਿ ਡਾ. ਰਜਨੀ ਵਰਮਾ ਨੂੰ ਚਾਰਜਸ਼ੀਟ ਜਾਰੀ ਕੀਤੀ ਜਾਵੇ। ਉਸ ਵਿਰੁੱਧ ਰੈਗੂਲਰ ਇਨਕੁਆਰੀ ਕਰਨ ਲਈ ਪੜਤਾਲੀਆ ਅਫਸਰ ਦੀ ਨਿਯੁਕਤੀ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸ਼੍ਰੀ ਭੁਪਿੰਦਰ ਸਿੰਘ ਵਿਰੁੱਧ ਧੋਖੇਬਾਜ਼ੀ (fraudulently) ਨਾਲ ਬੀ.ਐਡ. ਕਰਕੇ ਸਰਕਾਰੀ ਨੌਕਰੀ ਕਰਨ ਸਬੰਧੀ ਪੜਤਾਲੀਆਂ ਅਫਸਰ ਦੀ ਰਿਪੋਰਟ ਦੀ ਪਰਵਾਨਗੀ।

48. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼੍ਰੀ ਭੁਪਿੰਦਰ ਸਿੰਘ ਪੁੱਤਰ ਸ਼੍ਰੀ ਸਾਧਾ ਸਿੰਘ, ਚਵਿੰਡਾ ਖੁਰਦ , ਤਹਿਸੀਲ ਅਜਨਾਲਾ, ਜਿਲ੍ਹਾ ਅੰਮ੍ਰਿਤਸਰ ਵੱਲੋਂ ਧੋਖੇਬਾਜ਼ੀ (fraudulently) ਨਾਲ ਅਨੁਸੂਚਿਤ ਜਾਤੀ ਦੇ ਸਰਟੀਫਿਕੇਟ ਦੀ ਵਰਤੋਂ ਕਰਕੇ ਬੀ.ਐਡ. ਕਰਨ ਅਤੇ ਅਧਿਆਪਕ ਵਜੋਂ ਸਰਕਾਰੀ ਨੌਕਰੀ ਕਰਨ ਬਾਰੇ ਪੁੱਜੀ ਸ਼ਿਕਾਇਤ ਸਬੰਧੀ ਪੜਤਾਲੀਆ ਅਫਸਰ ਸ. ਗੁਰਨਾਮ ਸਿੰਘ, ਐਡੀਸ਼ਨਲ ਜਿਲ੍ਹਾ ਅਤੇ ਸੈਸ਼ਨ ਜੱਜ(ਰਿਟਾ.) ਦੀ ਪੜਤਾਲੀਆ ਰਿਪੋਰਟ ਮਿਤੀ 6.7.2012 (**ਅੰਤਿਕਾ** ਅਨੁਸਾਰ) ਪਰਵਾਨ ਕੀਤੀ ਜਾਂਦੀ ਹੈ।

ਇਹ ਵੀ **ਪਾਸ ਹੋਇਆ** ਕਿ ਸ਼੍ਰੀ ਭੁਪਿੰਦਰ ਸਿੰਘ ਪੁੱਤਰ ਸ਼੍ਰੀ ਸਾਧਾ ਸਿੰਘ ਦੀ ਬੀ.ਐਡ. ਡਿਗਰੀ ਵਾਪਸ ਲਈ ਜਾਵੇ ਅਤੇ ਉਸ (ਭੁਪਿੰਦਰ ਸਿੰਘ) ਵੱਲੋਂ ਗਲਤ ਢੰਗ ਨਾਲ ਅਧਿਆਪਕ ਵਜੋਂ ਸਰਕਾਰੀ ਨੌਕਰੀ ਕਰਨ ਬਾਰੇ ਸਬੰਧਤ ਵਿਭਾਗ ਨੂੰ ਸੂਚਿਤ ਕੀਤਾ ਜਾਵੇ।

ਡਾ. ਜੀ.ਐਸ. ਭੱਲਾ ਦਾ ਪੱਤਰ ਮਿਤੀ 23.8.2012 ਨੋਟ ਕੀਤਾ ਗਿਆ।

49. ਡਾ. ਜੀ. ਐਸ. ਭੱਲਾ, ਪ੍ਰੋਫੈਸਰ, ਕਾਮਰਸ ਤੇ ਬਿਜ਼ਨੈਸ ਮੈਂਨੇਜਮੈਂਟ ਵਿਭਾਗ ਵੱਲੋਂ ਉਸ ਨੂੰ ਜਾਰੀ ਚਾਰਜਸ਼ੀਟ ਮਿਤੀ 9.7.2010 ਸਬੰਧੀ ਉਸ (ਡਾ. ਜੀ.ਐਸ. ਭੱਲਾ) ਵੱਲੋਂ ਪੁੱਜਾ ਪੱਤਰ ਮਿਤੀ 23.8.2012 (**ਅੰਤਿਕਾ** ਅਨੁਸਾਰ) ਸਿੰਡੀਕੇਟ ਵੱਲੋਂ **ਨੋਟ** ਕੀਤਾ ਗਿਆ।

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

50. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਉਨ੍ਹਾਂ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | **ਥੀਸਿਸ ਦਾ ਸਿਰਲੇਖ** | **ਵਿਸ਼ਾ ਤੇ ਫੈਕਲਟੀ** |
|---|---|---|---|
| 1. | ਵਿਕਰਮਜੀਤ ਸਿੰਘ | ਪੰਜਾਬੀ ਖੁਣਨ ਕਲਾ: ਸਭਿਆਚਾਰਕ ਅਧਿਐਨ (ਮਨੁੱਖੀ ਸਰੀਰ ਦੇ ਵਿਸ਼ੇਸ਼ ਸੰਦਰਭ ਵਿਚ) | ਪੰਜਾਬੀ- ਲੈਂਗੁਏਜ਼ਿਜ਼ ਫੈਕਲਟੀ। |
| 2. | ਹਰਦੀਪ ਕੌਰ | ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ ਅਤੇ ਅਜੀਤ ਕੌਰ ਦੀਆਂ ਕਹਾਣੀਆਂ ਵਿਚ ਔਰਤ-ਮਰਦ ਸਬੰਧ: ਤੁਲਨਾਤਮਕ ਅਧਿਐਨ | - ਉਹੀ - |
| 3. | ਕੁਲਦੀਪ ਸਿੰਘ | ਪੰਜਾਬੀ ਗਲਪ ਵਿਚ ਵਿਸੰਗਤੀ (ਐਬਸਰਡਿਟੀ): ਵਿਸ਼ਲੇਸ਼ਣਾਤਮਕ ਅਧਿਐਨ | - ਉਹੀ - |
| 4. | ਪ੍ਰਿਅੰਕਾ ਚੰਦਰਾ | Antioxidant Potential of Some Soil Fungi. | ਮਾਈਕ੍ਰੋਬਿਆਲੋਜੀ- ਲਾਈਫ ਸਾਇੰਸਜ਼ ਫੈਕਲਟੀ। |
| 5. | N. Manickam | Isolation and Characterization of Bacterial Strains and their Genes Involved in Degradation of Hexachlorocyclohexane. | - ਉਹੀ - |
| 6. | Raja Alsaba Fida | Evaluation of Antimicrobial Activity of Boswellic Acids and elucidation of their Mechanism of Action. | - ਉਹੀ - |
| 7. | ਕਮਲਜੀਤ ਸਿੰਘ | Ancillarization in Punjab- A Study of Kapurthala Rail Coach Factory Units. | ਇਕਨਾਮਿਕਸ- ਇਕਨਾਕਿਸ ਤੇ ਬਿਜ਼ਨੈਸ ਫੈਕਲਟੀ। |
| 8. | ਰਵੀ ਸ਼ੰਕਰ ਸਿੰਘ | Molecular Studies on Shikonin Biosynthesis in Arnebia euchroma (Royle) Johnston. | ਬਾਇਓ-ਟੈਕਨਾਲੋਜੀ- ਲਾਈਫ ਸਾਇੰਸਜ਼ ਫੈਕਲਟੀ। |
| 9. | ਮੋਨਿਕਾ ਸਚਦੇਵਾ | A Distributed Approach for Defending Web Service Against DDOS Attacks. | ਕੰਪਿਊਟਰ ਸਾਇੰਸ ਤੇ ਟੈਕਨਾਲੋਜੀ- ਇੰਜੀਨੀਅਰਿੰਗ ਤੇ ਟੈਕਨਾਲੋਜੀ। |

**ਡਾ. ਦਲਜੀਤ ਸਿੰਘ, ਪ੍ਰੋਫੈਸਰ, ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ ਪ੍ਰੀ-ਮੈਚਿਊਰ ਸੇਵਾ ਮੁਕਤੀ ਸਮੇਂ ਤਿੰਨ ਮਹੀਨੇ ਦੇ ਨੋਟਿਸ ਸਮੇਂ ਦੀ ਛੋਟ ਦੇਣ ਦੀ ਪਰਵਾਨਗੀ।**

51. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਦਲਜੀਤ ਸਿੰਘ, ਪ੍ਰੋਫੈਸਰ, ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ, ਜਿਸਨੂੰ ਸਿੰਡੀਕੇਟ ਦੀ ਇੱਕਤਰਤਾ ਮਿਤੀ 25.6.2012 ਦੇ ਪੈਰਾ 14 ਰਾਹੀਂ ਮਿਤੀ 8.5.2012 ਬਾਅਦ ਦੁਪਹਿਰ ਤੋਂ ਪ੍ਰੀ-ਮੈਚਿਊਰ ਸੇਵਾ ਮੁਕਤੀ ਦੀ ਪਰਵਾਨਗੀ ਦਿੱਤੀ ਗਈ ਸੀ, ਦੀ ਬੇਨਤੀ ਮਿਤੀ 28.8.2012 (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਤਿੰਨ ਮਹੀਨੇ ਦੇ ਨੋਟਿਸ ਸਮੇਂ ਦੀ ਛੋਟ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਸਰਟੀਫਿਕੇਟ, ਡਿਪਲੋਮਾ ਅਤੇ ਅਡਵਾਂਸ ਡਿਪਲੋਮਾ ਕੋਰਸਾਂ ਦੇ ਅਧਿਆਦੇਸ਼ ਦੀ ਪਰਵਾਨਗੀ।

52. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 30.3.2012 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਚੇਅਰਮੈਨ, ਪਾਠ ਸਿੱਖਿਆ ਬੋਰਡ ਅਤੇ ਡੀਨ, ਫੈਕਲਟੀ ਦੇ ਸੁਝਾਅ ਅਨੁਸਾਰ ਸੈਸ਼ਨ 2012-13 ਲਈ **ਅੰਤਿਕਾ** ਅਨੁਸਾਰ ਸਰਟੀਫਿਕੇਟ, ਡਿਪਲੋਮਾ ਅਤੇ ਅਡਵਾਂਸ ਡਿਪਲੋਮਾ ਕੋਰਸਾਂ ਦੇ ਅਧਿਆਦੇਸ਼ ਪਰਵਾਨ ਕੀਤੇ ਜਾਂਦੇ ਹਨ।

ਪੀ.ਜੀ. ਡਿਪਲੋਮਾ ਕੋਰਸ ਇਨ ਕੌਸਮੌਟੋਲੋਜੀ ਐਂਡ ਹੈਲਥ ਕੇਅਰ ਦੀ ਯੋਗਤਾ ਸ਼ਰਤ ਦੀ ਪਰਵਾਨਗੀ।

53. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 30.3.2012 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਚੇਅਰਮੈਨ, ਪਾਠ ਸਿੱਖਿਆ ਬੋਰਡ ਅਤੇ ਡੀਨ, ਫੈਕਲਟੀ ਦੇ ਸੁਝਾਅ ਅਨੁਸਾਰ ਸੈਸ਼ਨ 2012-13 ਤੋਂ ਪੀ.ਜੀ. ਡਿਪਲੋਮਾ ਕੋਰਸ ਇਨ ਕੌਸਮੌਟੋਲੋਜੀ ਐਂਡ ਹੈਲਥ ਕੇਅਰ ਦੀ ਯੋਗਤਾ ਸ਼ਰਤ ਹੇਠ ਲਿਖੇ ਅਨੁਸਾਰ ਪਰਵਾਨ ਕੀਤੀ ਜਾਂਦੀ ਹੈ1:-

**Eligibility:-**

> "A candidate, who has passed Graduation Programme examination in any discipline from any recognized University with a minimum of 45% marks or any other examination recognized by Guru Nanak Dev University, Amritsar as equivalent thereto, shall be eligible for admission to the course."

ਇਹ ਵੀ **ਪਾਸ ਹੋਇਆ** ਕਿ ਸਾਰੇ ਕੋਰਸਾਂ ਲਈ ਯੋਗਤਾ ਸ਼ਰਤ ਵਿਚ ਇਕਸਾਰਤਾ ਲਈ ਕਮੇਟੀ ਦਾ ਗਠਨ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਬੈਚੂਲਰ ਇਨ ਫਿਜ਼ੀਓਥਰਾਪੀ, ਭਾਗ ਪਹਿਲਾ ਵਿਚ ਰਛਪਾਲ ਕੌਰ ਨੂੰ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ।

54. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਹਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਿਸ. ਰਛਪਾਲ ਕੌਰ ਨੂੰ ਸੈਸ਼ਨ 2012-13 ਦੌਰਾਨ ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ ਵਿਭਾਗ ਵਿਖੇ ਬੈਚੂਲਰ ਇਨ ਫਿਜ਼ੀਓਥਰਾਪੀ, ਭਾਗ ਪਹਿਲਾ ਵਿਚ ਖਾਲੀ ਸੀਟ ਵਿਰੁੱਧ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ।

ਸ੍ਰੀ ਜਸਵਿੰਦਰ ਸਿੰਘ, ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਨੂੰ ਰਿਵਰਟ ਕਰਨ ਦੀ ਪਰਵਾਨਗੀ।

55. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਜਸਵਿੰਦਰ ਸਿੰਘ, ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ, ਜਿਸਨੂੰ ਸਿੰਡੀਕੇਟ ਦੀ ਇੱਕਤਰਤਾ ਮਿਤੀ 2.9.2008 ਦੇ ਪੈਰਾ 31(ੳ)(i) ਰਾਹੀਂ ਲਏ ਨਿਰਣੇ ਅਨੁਸਾਰ AICTE ਨਿਯਮਾਂ ਅਧੀਨ ਮਿਤੀ 18.8.2005 ਤੋਂ ਇਸ ਸ਼ਰਤ ਤੇ ਰੀਡਰ ਵਜੋਂ ਪੱਦ-ਉੱਨਤ ਕੀਤਾ ਗਿਆ ਸੀ ਕਿ ਉਹ 7 ਸਾਲ ਦੇ ਅੰਦਰ-ਅੰਦਰ ਪੀਐਚ.ਡੀ. ਦੀ ਡਿਗਰੀ ਹਾਸਲ ਕਰਨਗੇ, ਪ੍ਰੰਤੂ ਉਨ੍ਹਾਂ ਵੱਲੋਂ ਨਿਰਧਾਰਤ ਸਮੇਂ (ਮਿਤੀ 17.8.2012) ਅੰਦਰ ਪੀਐਚ.ਡੀ. ਡਿਗਰੀ

ਮੁਕੰਮਲ ਨਾ ਕਰਨ ਕਰਕੇ ਉਸ ਦੀ ਪਹਿਲੀ ਅਸਾਮੀ ਭਾਵ ਲੈਕਚਰਾਰ ਸੀਨੀਅਰ ਸਕੇਲ ਉੱਤੇ ਮਿਤੀ 18.8.2005 ਤੋਂ ਰਿਵਰਟ ਕੀਤਾ ਜਾਂਦਾ ਹੈ

ਯੂਨੀਵਰਸਿਟੀ ਕਰਮਚਾਰੀਆਂ ਨੂੰ ਟਿਊਸ਼ਨ ਫੀਸ ਦੀ ਛੋਟ ਦੇਣ ਬਾਰੇ ਅਧਿਆਦੇਸ਼ ਵਿਚ ਸੋਧ ਦੀ ਪਰਵਾਨਗੀ।

56. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ ਦੇ ਪੰਨਾ 66 ਤੇ ਦਰਜ ਅਧਿਆਦੇਸ਼ ਵਿਚ ਯੂਨੀਵਰਸਿਟੀ ਕਰਮਚਾਰੀਆਂ ਨੂੰ ਟਿਊਸ਼ਨ ਫੀਸ ਦੀ ਛੋਟ ਦੇਣ ਸਬੰਧੀ ਸਿੰਡੀਕੇਟ ਦੀ ਇੱਕਤਰਤਾ ਮਿਤੀ 22.12.2011 ਦੇ ਪੈਰਾ 24 ਰਾਹੀਂ ਲਏ ਨਿਰਣੇ ਵਿਚ ਹੇਠ ਲਿਖੇ ਅਨੁਸਾਰ ਸੋਧ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

| **Present Ordinances** | **Proposed Ordinances** |
|---|---|
| Confirmed University employees permitted to join the regular classes and Pre Ph.D. course work will be exempted 50% payment of tution fee, provided that it shall be open to the appointing authority to withdraw this concession in case the individual fails in the examination for which he is permitted or his conduct is reported as unsatisfactory, or he does not take proper interest in the office.<br>This concession shall also be allowed to temporary employee who has put in at least two years service in the University.<br>**Note:-** This amendment will take effect from Session 2010-11. | Confirmed/ on Probation University teachers who join the Ph.D. programme will be exempted from the payment of tution fee from the session 2012-13, provided that it shall be open to the appointing authority to withdraw this concession in case the individual fails in the examination for which he is permitted or his conduct is reported as unsatisfactory, or he does not take proper interest in the office. |

ਅਧਿਆਪਕਾਂ ਦੀ ਤਰੱਕੀ/ ਸਿੱਧੀ ਭਰਤੀ ਲਈ ਵੱਖ-ਵੱਖ ਅਸਾਮੀਆਂ ਲਈ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ।

57. ਹੇਠਾਂ ਦਰਸਾਏ ਅਨੁਸਾਰ ਅਧਿਆਪਕਾਂ ਦੀ ਤੱਰਕੀ/ ਵੱਖ-ਵੱਖ ਅਸਾਮੀਆਂ ਲਈ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਉੱਤੇ ਵਿਚਾਰ ਹੋਈ:-

**Promotions under UGC Career Advancement Scheme**

1. Professor, Physics — Dr. Ravi Chand Singh, Assoc. Professor

**Direct Recruitment**

1. Director, Centre on Studies in Sri Guru Granth Sahib
2. Professor, Centre on Studies in Sri Guru Granth Sahib
3. Professor, Computer Sc. & Engg., GNDU Campus, Amritsar

4. Asstt. Prof., Computer Sc. & Engg., GNDU Campus, Amritsar.
5. Asstt. Prof., Computer Sc. & Engg., RC, Jalandhar.
6. Asstt. Prof., Computer Sc. & Engg., RC, Gurdaspur.
7. Asstt. Prof., Computer Sc. & Engg., RC, Sathiala.
8. Asstt. Prof., Computer Sc. & Engg., RC, Fattu Dhinga.
9. Asstt. Prof., Computer Applications, GNDU College, Jalandhar.
10. Asstt. Prof., Computer Science, Bebe Nanaki University College, Mithra.
11. Asstt. Prof., Computer Science, GNDU College, Verka.
12. Asstt. Prof., Physics, GNDU Campus, Amritsar.
13. Asstt. Prof., Physics, GNDU College, Verka.
14. Asstt. Prof., Chemistry, GNDU Campus, Amritsar.
15. Asstt. Prof., Chemistry, Bebe Nanaki University College, Mithra.
16. Asstt. Prof., Chemistry, GNDU College, Chungh.
17. Asstt. Prof., Chemistry, GNDU College, Narote Jaimal Singh.
18. Asstt. Prof., Chemistry, GNDU College, Verka.

**Senior Scale/ Next Stage to Asstt. Professors**

1. Dr. Pavleen Kaur, Asstt. Prof., Deptt. of CBM (Stage 1 to Stage 2)
2. Ms. Inderpreet Narang, Asstt. Prof, Laws, RC, Jalandhar (Stage 1 to Stage 2)
3. Dr. Ashima Passi, Asstt. Prof., Chemistry, ASSM College, Mukandpur (Stage 1 to Stage 2)
4. Dr. Sukhraj Kaur, Asstt. Prof., Microbiology (Stage 1 to Stage 2)
5. Sh. Manpreet Singh Bhatti, Asstt. Prof., Botanical & Env. Scs. (Stage 2 to Stage 3).

**ਪਾਸ ਹੋਇਆ** ਕਿ-

(ੳ) ਯੂ.ਜੀ.ਸੀ. ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਹੇਠਾਂ ਦਰਸਾਏ ਅਧਿਆਪਕ ਨੂੰ ਉਸ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਪ੍ਰਮੋਟ ਕੀਤਾ ਜਾਂਦਾ ਹੈ:-

1. Dr. Ravi Chand Singh, Assoc. Professor    Professor (Stage 5)
   (from the date of his application for
   Promotion as Professor under CAS)

(ਅ) ਵੱਖ-ਵੱਖ ਅਸਾਮੀਆਂ ਲਈ ਸਿੱਧੀ ਭਰਤੀ ਰਾਹੀਂ ਚੋਣ ਸਬੰਧੀ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਹੇਠ ਲਿਖੇ ਅਨੁਸਾਰ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਂਦਾ ਹੈ:-

1. **Director, Centre on Studies in Sri Guru Granth Sahib**
   Dr. Balwant Singh Dhillon S/o S. Dewan Singh

2. **Professor, Centre on Studies in Sri Guru Granth Sahib**
   Dr. Gulzar Singh Kang S/o S. Dharam Singh
   (At Rs. 55000/- p.m. fixed upto maximum of 5 years as per UGC & Rules of the Centre.)

3. **Professor, Computer Sc. & Engg., GNDU Campus, Amritsar**
   Dr. Gurvinder Singh S/o S. Mohinder Singh

4. **Asstt. Prof., Computer Sc. & Engg., GNDU Campus, Amritsar.**
   1. Ms. Amandeep Kaur D/o Sh. Inder Mohan Singh
   2. Ms. Kamaljit Kaur D/o Sh. Gurnam Singh

   **SC/ST Category**
   3. Kiranbir Kaur D/o Sh. Jagjit Singh

   **MCA-NET**
   4. None found Suitable

5. **Asstt. Prof., Computer Sc. & Engg., RC, Jalandhar.**
   1. Ms. Parneet Kaur D/o Sh. Joginder Singh

   **SC/ST Category**
   2. None found Suitable

6. **Asstt. Prof., Computer Sc. & Engg., RC, Gurdaspur.**
   1. Ms. Sandeep Kaur D/o Sh. Harnek Singh

   **MCA-NET**
   2. None found Suitable

7. **Asst. Prof., Computer Sc. & Engg., RC, Sathiala**
   1. Ms. Satveer Kaur D/o S. Sukhdev Singh
   2. Mr. Hardeep Singh S/o Sh. Ravinder Singh

   **SC/ST Category**
   3. None found Suitable

8. **Asstt. Prof., Computer Sc. & Engg., RC, Fattu Dhinga**
   1. Ms. Amandeep Kaur D/o S. Sukhnandan Singh
   2. Mr. Gurpreet Singh S/o Sh. Jagjit Singh

9. **Asstt. Prof., Computer Applications, GNDU College, Jalandhar.**
   None found Suitable

10. **Asstt. Prof., Computer Science, Bebe Nanaki University College, Mithra.**
    None found Suitable

11. **Asstt. Prof., Computer Science, GNDU College, Verka.**
    None found Suitable

12. **Asstt. Prof., Physics, GNDU Campus, Amritsar**
    1. Dr. Sarab Preet Singh S/o Sh. Manohar Singh

    **SC/ST Category**
    2. None found Suitable

13. **Asstt. Prof., Physics, GNDU College, Verka.**
    None found Suitable

14. **Asstt. Prof., Chemistry, GNDU Campus, Amritsar.**
    1. Dr. Tejwant Singh S/o Sh. Mohan Singh (Recommended for one year from the date of joining (AP). He will be interviewed within one year from the date of joining)

    **SC/ST Category**
    2. None found Suitable

15. **Asstt. Prof., Chemistry, Bebe Nanaki University College, Mithra.**
    1. Dr. Parmjit Kaur D/o Sh. Prem Singh

    **SC/ST Category**
    2. None found Suitable

16. **Asstt. Prof., Chemistry, GNDU College, Chungh.**
    1. Dr. Anu Mittal D/o Sh. Raj Kumar

17. **Asstt. Prof., Chemistry, GNDU College, Narote Jaimal Singh.**
    1. Dr. Ruchi Kohli S/o Sh. Sudesh Kumar Kohli

18. **Asstt. Prof., Chemistry, GNDU College, Verka**
    1. Dr. Rupinder Preet Kaur D/o S. Kulwant Singh

(ੲ) ਹੇਠਾਂ ਦਰਸਾਏ ਅਧਿਆਪਕਾਂ ਨੂੰ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਯੋਗ ਹੋਣ ਦੀ ਮਿਤੀ ਤੋਂ ਅਗਲੀ ਸਟੇਜ ਵਿਚ ਪਲੇਸ ਕੀਤਾ ਜਾਂਦਾ ਹੈ:-

| | |
|---|---|
| 1. Dr. Pavleen Kaur, Asstt. Prof., Deptt. of CBM | (Stage 1 to Stage 2) |
| 2. Ms. Inderpreet Narang, Asstt. Prof. Laws, RC, Jalandhar | (Stage 1 to Stage 2) |
| 3. Dr. Ashima Passi, Asstt. Prof. Chemistry, ASSM College, Mukandpur | (Stage 1 to Stage 2) |
| 4. Dr. Sukhraj Kaur, Asst. Prof. Microbiology | (Stage 1 to Stage 2) |
| 5. Sh. Manpreet Singh Bhatti, Asstt. Prof. Botanical & Env. Scs. | (Stage 2 to Stage 3) |

ਡਾ. ਜੀ.ਐਸ. ਭੱਲਾ ਨੂੰ ਜਾਰੀ 'ਕਾਰਣ ਦੱਸੋ' ਨੋਟਿਸ ਦਾ ਉੱਤਰ ਦੇਣ ਸਬੰਧੀ ਹਿਦਾਇਤ ਨੋਟ ਕੀਤੀ ਗਈ।

58. ਸਿੰਡੀਕੇਟ ਨੇ **ਨੋਟ ਕੀਤਾ** ਕਿ ਡਾ. ਜੀ.ਐਸ. ਭੱਲਾ, ਪ੍ਰੋਫੈਸਰ ਕਾਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਵੱਲੋਂ ਸ੍ਰੀ ਰਮੇਸ਼ ਚੌਧਰੀ, ਐਡਵੋਕੇਟ, ਜਿਲਾ ਕਚਹਿਰੀ, ਅੰਮ੍ਰਿਤਸਰ ਦੇ ਜਾਅਲੀ ਦਸਤਖਤ ਕਰਨ ਸਬੰਧੀ ਉਸ (ਡਾ. ਜੀ.ਐਸ. ਭੱਲਾ) ਨੂੰ ਪੜਤਾਲੀਆ ਅਫਸਰ ਸ੍ਰੀ ਕੇ.ਐਸ. ਸਿੱਧੂ ਦੀ ਪੜਤਾਲੀਆ ਰਿਪੋਰਟ ਮਿਤੀ 24.6.2011 ਅਤੇ ਸ੍ਰੀ ਰਮੇਸ਼ ਚੌਧਰੀ, ਐਡਵੋਕੇਟ, ਅੰਮ੍ਰਿਤਸਰ ਵੱਲੋਂ ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਮੁਖਾਤਿਬ ਪੱਤਰ ਮਿਤੀ 28.4.2010 ਦੀਆਂ ਪਰਤਾਂ ਜਾਰੀ ਕਰਦਿਆਂ ਹਦਾਇਤ ਕੀਤੀ ਗਈ ਹੈ ਕਿ 'ਕਾਰਣ ਦੱਸੋ' ਨੋਟਿਸ ਦਾ ਉੱਤਰ ਪੱਤਰ ਜਾਰੀ ਹੋਣ ਦੀ ਮਿਤੀ 3.9.2012 ਤੋਂ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਨੂੰ ਦਿੱਤਾ ਜਾਵੇ।

**ਡਿਪਟੀ ਡਾਇਰੈਕਟਰ, ਫਿਜ਼ੀਕਲ ਐਜੂਕੇਸ਼ਨ (ਕੈਂਪਸ) ਦੀ ਅਸਾਮੀ ਨੂੰ ਫਿਜ਼ੀਕਲ ਐਜੂਕੇਸ਼ਨ ਵਿਭਾਗ (AT) ਵਿਚ merge ਕਰਨ ਸਬੰਧੀ।**

59. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਿਪਟੀ ਡਾਇਰੈਕਟਰ, ਫਿਜ਼ੀਕਲ ਐਜੂਕੇਸ਼ਨ (ਕੈਂਪਸ) ਦੀ ਅਸਾਮੀ ਨੂੰ ਫਿਜ਼ੀਕਲ ਐਜੂਕੇਸ਼ਨ ਵਿਭਾਗ (AT) ਵਿਚ merge ਕੀਤਾ ਜਾਂਦਾ ਹੈ।

**ਵੱਖ-ਵੱਖ ਅਸਾਮੀਆਂ ਦੀ ਭਰਤੀ ਲਈ ਪ੍ਰਸ਼ਨ-ਪੱਤਰ ਸੈਟ ਕਰਵਾਉਣ ਸਬੰਧੀ ਸੇਵਾਫਲ ਦੇ ਦਰਾਂ ਵਿਚ ਸੋਧ।**

60. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 28.6.2007 ਦੇ ਪੈਰਾ 9 ਰਾਹੀਂ ਵੱਖ-ਵੱਖ ਅਸਾਮੀਆਂ ਦੀ ਭਰਤੀ ਲਈ ਪ੍ਰਸ਼ਨ-ਪੱਤਰ ਸੈਟ ਕਰਵਾਉਣ ਅਤੇ ਕੋ-ਆਰਡੀਨੇਟਰ/ ਡਿਪਟੀ ਕੋਆਰਡੀਨੇਟਰ ਨੂੰ ਸੇਵਾਫਲ ਦੀ ਅਦਾਇਗੀ ਕਰਨ ਸਬੰਧੀ ਦਰਾਂ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:-

| Item | Existing Rates | Proposed Rates |
|---|---|---|
| **(i) Setting of Question Paper** | | |
| For objective type question | Rs. 20/- per question | Rs. 50/- per question |
| For subjective type question | Rs. 15/- per question (Subject to minimum Rs. 100/- and maximum Rs. 300/-) | Rs. 40/- per question (Subject to minimum Rs. 200/- and maximum Rs. 500/-) |
| **(ii) Evaluation of answer books (Subjective Type)** | Rs. 20/- per copy | Rs. 20/- per copy |
| **(iii)** | Co-ordinators and Deputy Co-ordinators for such entrance tests may be paid Rs.2000/- and Rs. 1500/- respectively as remuneration. | No Change |

ਏਜੰਡਾ ਖਤਮ ਹੋਣ ਉਪਰੰਤ ਰਜਿਸਟਰਾਰ ਸਾਹਿਬ ਨੇ ਦੱਸਿਆ ਕਿ ਸੈਨੇਟ ਨੇ ਆਪਣੀ ਇੱਕਤਰਤਾ ਮਿਤੀ 4.9.2012 ਰਾਹੀਂ ਸਾਲ 2011 ਲਈ ਯੂਨੀਵਰਸਿਟੀ ਦੀ 42ਵੀਂ ਸਲਾਨਾ ਰਿਪੋਰਟ ਦੀ ਪਰਵਾਨਗੀ ਦਿੱਤੀ ਹੈ।

ਸਿੰਡੀਕੇਟ ਵੱਲੋਂ ਉਕਤ ਜਾਣਕਾਰੀ ਨੋਟ ਕੀਤੀ ਗਈ।

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

ਪੱਕੀ ਕੀਤੀ ਗਈ।

ਸਹੀ/-

(ਅ.ਸ. ਬਰਾੜ)
ਉਪ-ਕੁਲਪਤੀ